

# ਰਾਂਝਣ ਮਾਹੀ

ਡਾ. ਨਿਸ਼ਾਨ ਸਿੰਘ

www.PunjabiLibrary.com

# ਰਾਂਝਣ ਮਾਹੀ

www.PunjabiLibrary.com

ਲੇਖਕ ਦੀਆਂ ਹੋਰ ਪੁਸਤਕਾਂ :

ਪੰਜਾਬੀ ਸੂਫ਼ੀ ਕਾਵਿ ਵਿਚ ਵਿਯੋਗੇ ਮਨੁੱਖ ਦਾ ਸੰਕਲਪ (ਵਾਰਤਕ, 2015)


www.PunjabiLibrary.com

# ਰਾਂਝਣ ਮਾਹੀ

**ਨਿਸ਼ਾਨ ਸਿੰਘ (ਡਾ.)**

5 ਆਬ ਪ੍ਰਕਾਸ਼ਨ, ਜਲੰਧਰ


www.PunjabiLibrary.com

# RANJAN MAHI

by

**Dr. Nishan Singh**
H.No. 1054/1, W.No. 15A
Bhagwan Nagar Colony, Pipli
Distt. Kurukshetra (HR). Pin-136131
Mob. 075892-33437, 098961-61534
Email. nishanrathaur@gmail.com

© ਪ੍ਰਕਾਸ਼ਕ

**ISBN : 978-93-84306-66-3**

ਪਹਿਲੀ ਵਾਰ: 2015

ਮੁੱਲ: 100 ਰੁਪਏ

**ਪ੍ਰਕਾਸ਼ਕ: ਪੰਜ ਆਬ ਪ੍ਰਕਾਸ਼ਨ**
1-ਦੇਸ਼ ਭਗਤ ਯਾਦਗਾਰ ਹਾਲ, ਜਲੰਧਰ
ਫ਼ੋਨ: 98140-87063
5aabparkashan@gmail.com www. 5aabparkashan.com

ਟਾਈਪ ਸੈਟਿੰਗ: ਵੈਕ ਕੰਪਿਊਟਰਜ਼, ਜਲੰਧਰ

ਪ੍ਰਿੰਟਰਜ਼: 5ਆਬ ਪ੍ਰਿੰਟਰਜ਼ ਜਲੰਧਰ

www.PunjabiLibrary.com

# ਸਮਰਪਣ

ਇਹ ਕਾਵਿ ਸੰਗ੍ਰਹਿ ਮੈਂ
ਆਪਣੀ ਪੂਜਨੀਕ ਨਾਨੀ ਜੀ
ਸਵ. ਸ੍ਰੀਮਤੀ ਸੁਰਜੀਤ ਕੌਰ ਸੂਹਰੋਂ
ਦੀ ਆਤਮਿਕ ਰੂਹ ਨੂੰ ਸਮਰਪਿਤ ਕਰਦਾ ਹਾਂ।

www.PunjabiLibrary.com

# ਮੈਂ ਧੰਨਵਾਦ ਕਰਦਾ ਹਾਂ. . .

ਕਵਿਤਾ ਨੂੰ ਰੱਬੀ ਸੁਗਾਤ ਕਿਹਾ ਜਾਂਦਾ ਹੈ ਅਤੇ ਜਿਸ ਵਿਅਕਤੀ ਦੇ ਹਿੱਸੇ ਇਹ ਰੱਬੀ- ਸੁਗਾਤ ਆਉਂਦੀ ਹੈ ਉਸ ਨੂੰ ਵੱਡੇ ਭਾਗਾਂ ਵਾਲਾ ਸਮਝਿਆ ਜਾਂਦਾ ਹੈ। ਭਾਰਤੀ ਫੌਜ਼ ਵਿਚ ਦੇਸ਼ ਦੀ ਸੇਵਾ ਕਰਦਿਆਂ ਇਹ ਰੱਬੀ- ਸੁਗਾਤ ਮੇਰੇ ਹਿੱਸੇ ਆਈ ਹੈ, ਇਸ ਲਈ ਸਭ ਤੋਂ ਪਹਿਲਾਂ ਪਰਮ-ਪਿਤਾ-ਪਰਮਾਤਮਾ ਦਾ ਧੰਨਵਾਦ ਕਰਦਾ ਹਾਂ, ਜਿਸ ਦੀ ਰਹਿਮਤ ਤੋਂ ਬਿਨਾਂ ਕੁਝ ਵੀ ਪ੍ਰਾਪਤ ਨਹੀਂ ਕੀਤਾ ਜਾ ਸਕਦਾ।

ਆਪਣੇ ਮਾਤਾ ਸ੍ਰੀਮਤੀ ਜਸਬੀਰ ਕੌਰ ਜੀ ਅਤੇ ਪਿਤਾ ਸ੍ਰ. ਅਮਰੀਕ ਸਿੰਘ ਜੀ ਦਾ ਪੂਰੀ ਜ਼ਿੰਦਗੀ ਰਿਣੀ ਰਹਾਂਗਾ ਕਿਉਂਕਿ ਇਹਨਾਂ ਦੀ ਉਂਗਲੀ ਫੜ ਕੇ ਤੁਰਨਾ ਸਿੱਖਿਆ ਹੈ ਅਤੇ ਜੀਵਨ ਦੇ ਹਰ ਮੋੜ ਤੇ ਇਹਨਾਂ ਦਾ ਸੁਯੋਗ ਮਾਰਗ- ਦਰਸ਼ਨ ਮਿਲ ਰਿਹਾ ਹੈ। ਮੇਰੇ ਮਾਤਾ- ਪਿਤਾ ਜੀ ਦੇ ਸਹਿਯੋਗ ਬਿਨਾਂ ਇਹ ਕਾਰਜ ਨੇਪਰੇ ਨਹੀਂ ਸੀ ਚੜ੍ਹ ਸਕਦਾ, ਇਸ ਲਈ ਆਪਣੇ ਮਾਤਾ- ਪਿਤਾ ਦਾ ਦਿਲੋਂ ਧੰਨਵਾਦ ਕਰਦਾ ਹਾਂ।

ਆਪਣੀ ਧਰਮਪਤਨੀ ਸ੍ਰੀਮਤੀ ਚਰਨਜੀਤ ਕੌਰ ਦਾ ਧੰਨਵਾਦ ਕਰਦਾ ਹਾਂ ਜੋ ਜੀਵਨ ਦੇ ਹਰ ਖੇਤਰ ਵਿਚ ਮੇਰੇ ਨਾਲ ਹਮਸਫ਼ਰ ਬਣ ਕੇ ਮੇਰਾ ਸਾਥ ਨਿਭਾ ਰਹੇ ਹਨ ਅਤੇ ਮੈਨੂੰ ਹੱਲਾਸ਼ੇਰੀ ਦਿੰਦੇ ਰਹਿੰਦੇ ਹਨ। ਮੈਨੂੰ ਘਰੇਲੂ ਜ਼ਿੰਮੇਵਾਰੀਆਂ ਤੋਂ ਮੁਕਤ ਰੱਖਿਆ ਹੈ ਤਾਂ ਕਿ ਮੈਂ ਆਪਣੀ ਡਿਊਟੀ ਵਧੀਆ ਤਰੀਕੇ ਨਾਲ ਨਿਭਾ ਸਕਾਂ। ਇਸ ਲਈ ਆਪਣੀ ਪਤਨੀ ਚਰਨਜੀਤ ਕੌਰ ਦਾ ਧੰਨਵਾਦ ਕਰਦਾ ਹਾਂ।

ਆਪਣੇ ਬੇਟੇ ਅਸ਼ਨੂਰ ਸਿੰਘ ਅਤੇ ਪਵਨੂਰ ਸਿੰਘ ਦਾ ਧੰਨਵਾਦੀ ਹਾਂ ਕਿਉਂਕਿ ਕਈ ਵਾਰ ਬੱਚਿਆਂ ਦੀਆਂ ਤੋਤਲੀਆਂ ਗੱਲਾਂ ਤੋਂ ਵੀ ਜੀਵਨ ਦਾ ਉਦੇਸ਼ ਪ੍ਰਾਪਤ ਕਰਨ ਦਾ ਹੌਂਸਲਾਂ ਪ੍ਰਾਪਤ ਹੁੰਦਾ ਹੈ। ਇਸ ਲਈ ਆਪਣੇ ਬੇਟਿਆਂ ਅਸ਼ਨੂਰ ਅਤੇ ਪਵਨੂਰ ਦਾ ਧੰਨਵਾਦ ਕਰਦਾ ਹਾਂ।

ਆਪਣੇ ਛੋਟੇ ਵੀਰ ਸ੍ਰ. ਪ੍ਰਧਾਨ ਸਿੰਘ ਜੀ, ਦਿਲਜੀਤ ਕੌਰ, ਬੇਟੀ ਤ੍ਰਿਪਤ ਕੌਰ ਅਤੇ ਬੇਟੇ ਦਰਸਗੁਰ ਸਿੰਘ ਦਾ ਦਿਲੋਂ ਰਿਣੀ ਹਾਂ ਕਿਉਂਕਿ ਮੇਰੇ ਪਰਿਵਾਰ ਦੇ ਇਹ ਮੈਂਬਰ ਸਾਡੇ ਤੋਂ ਹਜ਼ਾਰਾਂ ਕਿਲੋਮੀਟਰ ਦੂਰ ਇੰਗਲੈਂਡ ਵਿਚ ਰਹਿ ਕੇ ਵੀ ਹਮੇਸ਼ਾ ਮੈਨੂੰ

ਕਵਿਤਾ ਦੀ ਕਿਤਾਬ ਕਰਵਾਉਣ ਲਈ ਉਤਸ਼ਾਹਤ ਕਰਦੇ ਰਹਿੰਦੇ ਹਨ ਅਤੇ ਹਮੇਸ਼ਾ ਸਾਕਾਰਤਮਕ ਵਿਚਾਰ ਮੇਰੇ ਨਾਲ ਸਾਂਝੇ ਕਰਦੇ ਰਹਿੰਦੇ ਹਨ। ਇਸ ਲਈ ਇਹਨਾਂ ਪਰਿਵਾਰਕ ਮੈਂਬਰਾਂ ਦਾ ਦਿਲੋਂ ਧੰਨਵਾਦ ਕਰਦਾ ਹਾਂ।

ਛੋਟੀ ਭੈਣ ਕੁਲਦੀਪ ਕੌਰ, ਸ੍ਰ. ਗੁਰਮੇਲ ਸਿੰਘ ਜੀ ਨਿਆਮਤਪੁਰੀ, ਬੇਟੀ ਅਸ਼ਮੀਤ ਕੌਰ, ਬੇਟੀ ਮਨਸੀਰਤ ਕੌਰ ਦਾ ਧੰਨਵਾਦ ਕਰਦਾ ਹਾਂ, ਜੋ ਹਾਂਗਕਾਂਗ ਵਿਚ ਰਹਿ ਕੇ ਵੀ ਹਮੇਸ਼ਾ ਸਾਡੇ ਮਨ ਵਿਚ ਰਹਿੰਦੇ ਹਨ ਅਤੇ ਮੈਨੂੰ ਕਵਿਤਾ ਲਿਖਣ ਲਈ ਪ੍ਰੇਰਿਤ ਕਰਦੇ ਰਹਿੰਦੇ ਹਨ। ਇਸ ਲਈ ਇਹਨਾਂ ਪਰਿਵਾਰਕ ਮੈਂਬਰਾਂ ਦਾ ਦਿਲੋਂ ਧੰਨਵਾਦ ਕਰਦਾ ਹਾਂ।

ਆਪਣੇ ਸੁਹਰੇ ਪਰਿਵਾਰ ਵਿਚੋਂ ਸ੍ਰ. ਮਾਨ ਸਿੰਘ (ਪ੍ਰਧਾਨ), ਸ੍ਰੀਮਤੀ ਜਸਬੀਰ ਕੌਰ, ਕੁਲਵਿੰਦਰ ਸਿੰਘ, ਸ੍ਰ. ਕਿਰਪਾਲ ਸਿੰਘ, ਸ੍ਰੀਮਤੀ ਮਨਜੀਤ ਕੌਰ, ਜੋਬਨਪ੍ਰੀਤ ਸਿੰਘ, ਗੁਰਪ੍ਰੀਤ ਸਿੰਘ, ਅਮਨਦੀਪ ਕੌਰ, ਮਨਿੰਦਰ ਸਿੰਘ ਕੈਨੇਡਾ, ਜੈਜ਼ਨੂਰ ਸਿੰਘ, ਰਣਜੀਤ ਸਿੰਘ ਮੈਨੇਜਰ, ਸਰਬਜੀਤ ਕੌਰ, ਮਨਸੀਰਤ ਕੌਰ, ਮਨਕੀਰਤ ਕੌਰ ਦਾ ਵੀ ਦਿਲੋਂ ਧੰਨਵਾਦ ਕਰਦਾ ਹਾਂ।

ਡਾ. ਨਿਸ਼ਾਨ ਸਿੰਘ

www.PunjabiLibrary.com

# ਤਤਕਰਾ

# ਤਤਕਰਾ

# ਦੋ ਸ਼ਬਦ

ਪੰਜਾਬੀ ਸਾਹਿਤ ਦੇ ਖੇਤਰ ਵਿਚ ਕਵਿਤਾ ਇਕ ਮੁੱਲਵਾਨ ਪ੍ਰਾਪਤੀ ਹੈ। ਕਵਿਤਾ ਦਾ ਸੰਸਾਰ ਬਹੁਤ ਵਿਸ਼ਾਲ ਅਤੇ ਬੇਅੰਤ ਹੈ। ਕਵਿਤਾ ਦਾ ਆਦਿ/ਅੰਤ ਪਾਉਣਾ ਜਾਂ ਪਾਉਣ ਦਾ ਯਤਨ ਕਰਨਾ ਨਾਸਮਝੀ ਹੋਵੇਗੀ। ਕਵਿਤਾ ਦੇ ਇਸ ਸੰਸਾਰ ਵਿਚ ਹਰਿਆਣਾ ਪ੍ਰਾਂਤ ਦਾ ਹਿੱਸਾ ਬਹੁਤ ਮਹੱਤਵਪੂਰਨ ਅਤੇ ਨਿਵੇਕਲਾ ਹੈ। ਹਰਿਆਣੇ ਦੇ ਸ਼ਾਇਰਾਂ ਨੇ ਪੰਜਾਬੀ ਮਾਂ- ਬੋਲੀ ਲਈ ਬਾ-ਕਮਾਲ ਯੋਗਦਾਨ ਪਾਇਆ ਹੈ। ਇਸੇ ਹੀ ਕੜੀ ਵਿਚ ਨੌਜਵਾਨ ਸ਼ਾਇਰ ਡਾ. ਨਿਸ਼ਾਨ ਸਿੰਘ ਦਾ ਇਹ ਕਾਵਿ ਸੰਗ੍ਰਹਿ 'ਰਾਂਝਣ ਮਾਹੀ' ਪਾਠਕਾਂ ਦੇ ਹੱਥਾਂ ਵਿਚ ਹੈ। ਕਵਿਤਾ ਜਿਹੀ ਵਡਮੁੱਲੀ ਸੁਗਾਤ ਦਾ ਆਨੰਦ ਮਾਣਨ ਵਾਲਾ ਸ਼ਾਇਰ ਹੈ ਡਾ. ਨਿਸ਼ਾਨ ਸਿੰਘ। ਖਾਸ ਗੱਲ ਇਹ ਹੈ ਕਿ ਜਿੱਥੇ ਨਿਸ਼ਾਨ ਸਿੰਘ ਕਵਿਤਾ ਦਾ ਆਨੰਦ ਮਾਣਦਾ ਹੈ ਉੱਥੇ ਉਹ ਭਾਰਤੀ ਫ਼ੌਜ ਵਿਚ ਸਖ਼ਤ ਅਨੁਸ਼ਾਸ਼ਨ ਹੇਠ ਆਪਣੀ ਡਿਊਟੀ ਕਰਦਾ ਹੈ ਅਤੇ ਇਸ ਸਮੇਂ ਲੇਹ- ਲੱਦਾਖ਼ ਦੀਆਂ ਬਰਫੀਲੀਆਂ ਪਹਾੜੀਆਂ ਉੱਤੇ ਤੈਨਾਤ ਹੈ।

ਇਸ ਕਾਵਿ ਸੰਗ੍ਰਹਿ ਤੋਂ ਪਹਿਲਾਂ ਡਾ. ਨਿਸ਼ਾਨ ਸਿੰਘ ਨੇ 'ਸੂਫ਼ੀ ਕਾਵਿ' ਵਿਸ਼ੇ ਉੱਪਰ ਪੀਐਚ.ਡੀ. ਕੀਤੀ ਹੈ ਅਤੇ 'ਪੰਜਾਬੀ ਸੂਫ਼ੀ ਕਵਿਤਾ ਵਿਚ ਵਿਯੋਗੇ ਮਨੁੱਖ ਦਾ ਸੰਕਲਪ' ਪੁਸਤਕ ਪ੍ਰਕਾਸ਼ਿਤ ਕਰਵਾ ਕੇ ਪਾਠਕਾਂ ਤੱਕ ਪਹੁੰਚਾਈ ਹੈ। ਇਸ ਕਾਵਿ ਸੰਗ੍ਰਹਿ 'ਰਾਂਝਣ ਮਾਹੀ' ਵਿਚ ਵੀ ਸੂਫ਼ੀਵਾਦ ਦਾ ਪ੍ਰਭਾਵ ਸਹਿਜੇ ਹੀ ਦੇਖਿਆ ਜਾ ਸਕਦਾ ਹੈ। ਨਿਸ਼ਾਨ ਸਿੰਘ ਦੀਆਂ ਕਵਿਤਾਵਾਂ ਦਾ ਅਧਿਐਨ ਕਰਦਿਆਂ ਇਹ ਅਹਿਸਾਸ ਹੁੰਦਾ ਹੈ ਕਿ ਉਹ ਸੰਸਾਰਕ ਪ੍ਰੇਮ ਦੀ ਗੱਲ ਕਰਦਿਆਂ ਵੀ ਅਧਿਆਤਮਕ ਜਗਤ ਦੀਆਂ ਬਾਤਾਂ ਪਾ ਰਿਹਾ ਹੈ। ਪ੍ਰੀਤਮ ਦੇ ਵਿਯੋਗ ਵਿਚ ਬਿਰਹਾ ਦਾ ਦਰਦ ਹੰਢਾ ਰਹੀ ਨਾਇਕਾ ਇਉਂ ਜਾਪਦੀ ਹੈ ਜਿਵੇਂ ਜੀਵਾਤਮਾ ਪਰਮਾਤਮਾ ਨਾਲੋਂ ਬਿਰਹਾ ਦਾ ਸੰਤਾਪ ਆਪਣੇ ਪਿੰਡੇ ਤੇ ਹੰਢਾ ਰਹੀ ਹੈ।

ਇਸ ਤੋਂ ਇਲਾਵਾ 'ਰਾਂਝਣ ਮਾਹੀ' ਕਾਵਿ ਸੰਗ੍ਰਹਿ ਵਿਚ ਸਮਾਜਿਕ ਜੀਵਨ ਨਾਲ ਸੰਬੰਧਤ ਕਵਿਤਾਵਾਂ ਪੜ੍ਹਣ ਨੂੰ ਮਿਲਦੀਆਂ ਹਨ। ਉਹ ਚਾਹੇ ਬੇਰੁਜ਼ਗਾਰੀ ਦੀ ਗੱਲ ਹੋਵੇ ਜਾਂ ਦੇਸ਼ ਦੇ ਭ੍ਰਿਸ਼ਟ ਸਿਸਟਮ ਦੀ, ਨਿਸ਼ਾਨ ਸਿੰਘ ਨੇ ਸਾਰੀਆਂ ਵਿਧਾਵਾਂ ਨੂੰ


www.PunjabiLibrary.com

ਇਸ ਕਾਵਿ ਸੰਗ੍ਰਹਿ ਵਿਚ ਪੇਸ਼ ਕਰਨ ਦਾ ਯਤਨ ਕੀਤਾ ਹੈ। ਉਹ ਭਰੂਣ ਹੱਤਿਆ ਜਿਹੀ ਸਮਾਜਿਕ ਕੁਰੀਤੀ ਬਾਰੇ ਵੀ ਖੁੱਲ ਕੇ ਗੱਲ ਕਰਦਾ ਹੈ ਅਤੇ ਦਾਜ ਪ੍ਰਥਾ ਕਾਰਣ ਕਤਲ ਕੀਤੀ ਗਈ ਲੜਕੀ ਦੀ ਮੌਤ ਦਾ ਦਰਦਨਾਕ ਚਿੱਤਰਣ ਵੀ ਆਪਣੀਆਂ ਕਵਿਤਾਵਾਂ ਵਿਚ ਖਿੱਚਦਾ ਹੈ।

ਇਸਦੇ ਨਾਲ ਹੀ 'ਇਨਸਾਨ' ਕਵਿਤਾ ਰਾਹੀਂ ਮਾਨਵਵਾਦ ਅਤੇ ਸਮਾਜਿਕ ਭਾਈਚਾਰੇ ਦੀ ਗੱਲ ਵੀ ਬਹੁਤ ਵਧੀਆ ਢੰਗ ਨਾਲ ਕਹਿੰਦਾ ਹੈ। 'ਰੁੱਖ ਦੀ ਕਹਾਣੀ' ਕਵਿਤਾ ਰਾਹੀਂ ਵਾਤਾਵਰਣ ਨੂੰ ਬਚਾਉਣ ਦਾ ਸੰਦੇਸ਼ ਵੀ ਦਿੰਦਾ ਹੈ ਅਤੇ 'ਪਾਖੰਡ' ਕਵਿਤਾ ਰਾਹੀਂ ਢੋਂਗੀ  ਬਾਬਿਆਂ ਦੇ ਪਾਖੰਡ ਦੇ ਪਾਜ਼ ਵੀ ਉਘੇੜਦਾ ਹੈ। ਕਵਿਤਾ 'ਬਹਾਦਰ ਸੂਰਾ' ਅਤੇ 'ਫ਼ੌਜੀ ਵੀਰ' ਰਾਹੀਂ ਉਹ ਇਹ ਸੰਦੇਸ਼ ਦੇ ਰਿਹਾ ਹੈ ਕਿ ਕਿਸੇ ਵੀ ਦੇਸ਼ ਦੇ ਸੈਨਿਕ ਆਪਣੇ ਦੇਸ਼ ਦੀਆਂ ਸਰਹੱਦਾਂ ਦੀ ਰਖਵਾਲੀ ਕਰਦਿਆਂ ਕਿੰਨੀਆਂ ਮੁਸ਼ਕਲਾਤਾਂ ਦਾ ਸਾਹਮਣਾ ਕਰਦੇ ਹਨ ਕਿਉਂਕਿ ਜਿੰਨਾ ਚਿਰ ਦੁਨੀਆਂ ਵਿਚ ਸੰਪੂਰਨ ਅਮਨ ਨਹੀਂ ਹੋ ਜਾਂਦਾ ਅਤੇ ਸ਼ਹੀਦ ਭਗਤ ਸਿੰਘ ਦੇ ਲਫ਼ਜ਼ਾਂ ਵਿਚ 'ਜਿੰਨਾ ਚਿਰ ਇਨਸਾਨ ਦੇ ਹੱਥੋਂ ਇਨਸਾਨ ਦਾ ਸ਼ੋਸ਼ਣ ਖ਼ਤਮ ਨਹੀਂ ਹੋ ਜਾਂਦਾ ਅਤੇ ਸਾਰੇ ਦੇਸ਼ਾਂ ਦੀਆਂ ਸਰਹੱਦਾਂ ਤੇ ਪਹਿਰੇਦਾਰੀਆਂ ਖਤਮ ਨਹੀਂ ਹੋ ਜਾਂਦੀਆਂ ਉਨਾਂ ਚਿਰ ਫ਼ੌਜੀ ਵੀਰਾਂ ਨੂੰ ਦੇਸ਼ ਦੀਆਂ ਸਰਹੱਦਾਂ ਦੀ ਰਾਖੀ ਕਰਦਿਆਂ ਆਪਣੀਆਂ ਕੀਮਤੀ ਜਾਨਾਂ ਕੁਰਬਾਨ ਕਰਨੀਆਂ ਪੈਂਦੀਆਂ ਰਹਿਣਗੀਆਂ' ਅਤੇ ਡਾ. ਨਿਸ਼ਾਨ ਸਿੰਘ ਵਰਗੇ ਫ਼ੌਜੀ ਕਵੀਆਂ ਨੂੰ ਇੰਨਾ ਫ਼ੌਜੀ ਵੀਰਾਂ ਦੀਆਂ ਕੁਰਬਾਨੀਆਂ ਅਤੇ ਬਹਾਦਰੀ ਦੀਆਂ ਗਾਥਾਵਾਂ ਨੂੰ ਆਪਣੇ ਸਾਹਿਤ ਦਾ ਵਿਸ਼ਾ ਬਣਾਉਂਦੇ ਰਹਿਣਾ ਹੀ ਪਵੇਗਾ।

ਫ਼ੌਜੀ ਜੀਵਨ ਬਤੀਤ ਕਰ ਰਹੇ ਨਿਸ਼ਾਨ ਸਿੰਘ ਨੂੰ ਅਜੋਕੇ ਸਮਾਜਿਕ ਵਰਤਾਰੇ ਅਤੇ ਸਮਾਜ ਵਿਚ ਵਾਪਰ ਰਹੀਆਂ ਘਟਨਾਵਾਂ ਦਾ ਪੂਰਾ ਗਿਆਨ ਜਾਪਦਾ ਹੈ। ਉਹ ਕਰਜ਼ੇ ਹੇਠ ਮਰ ਰਹੇ ਅੰਨਦਾਤਾ ਦੀ ਗੱਲ ਵੀ ਕਰਦਾ ਹੈ ਅਤੇ ਬੇਰੁਜ਼ਗਾਰੀ ਦੀ ਗੱਲ ਵੀ ਕਰਦਾ ਹੈ ਕਿਉਂਕਿ ਸਾਡਾ ਨੌਜਵਾਨ ਵਰਗ ਬੇਰੁਜ਼ਗਾਰੀ ਕਰਕੇ ਨਸ਼ਿਆਂ ਦੀ ਵਹਿਣ ਵਿਚ ਵਹਿੰਦਾ ਜਾ ਰਿਹਾ ਹੈ। ਇਸ ਤੋਂ ਇਲਾਵਾ ਉਸਨੇ ਆਪਣੀਆਂ ਕਵਿਤਾਵਾਂ ਵਿਚ ਭਾਰਤੀ ਸਮਾਜ ਵਿਚ ਮਾਪਿਆਂ ਦੀ ਹੋ ਰਹੀ ਬੇਕਦਰੀ ਵਿਸ਼ਾ ਵੀ ਛੁਹਿਆ ਹੈ।

ਫ਼ੌਜ ਵਿਚ ਹੋਣ ਕਰਕੇ ਉਸਨੇ ਫ਼ੌਜੀ ਜੀਵਨ ਨਾਲ ਸਬੰਧਿਤ ਕਵਿਤਾਵਾਂ ਦੀ ਸਿਰਜਣਾ ਵੀ ਕੀਤੀ ਹੈ ਅਤੇ ਫ਼ੌਜੀ ਜੀਵਨ ਦੀਆਂ ਔਕੜਾਂ ਨੂੰ ਬਾਖੂਬੀ ਬਿਆਨ ਕੀਤਾ ਹੈ। ਜਿਸ ਵੇਲੇ ਕੋਈ ਫ਼ੌਜੀ ਜਵਾਨ ਦੇਸ਼ ਦੀ ਰੱਖਿਆ ਕਰਦਿਆਂ ਸਰਹੱਦ ਤੇ ਸ਼ਹੀਦ ਹੋ ਜਾਂਦਾ ਹੈ ਤਾਂ ਉਸਦੇ ਨਾਲ ਦੇ ਸਾਥੀਆਂ ਦੇ ਦਿਲ ਤੇ ਕੀ ਬੀਤਦੀ ਹੈ?, ਨਿਸ਼ਾਨ ਸਿੰਘ ਨੇ ਇਸ ਵਿਸ਼ੇ ਨੂੰ ਵੀ ਆਪਣੀਆਂ ਕਵਿਤਾਵਾਂ ਵਿਚ ਪਰੋਇਆ ਹੈ।

ਅੰਤ ਵਿਚ ਮੈਂ 'ਰਾਂਝਣ ਮਾਹੀ' ਕਾਵਿ ਸੰਗ੍ਰਹਿ ਨੂੰ ਸਾਹਿਤ ਸੰਸਾਰ ਵਿਚ ਆਮਦ


www.PunjabiLibrary.com

'ਤੇ ਜੀ ਆਇਆਂ ਆਖਦਾ ਹਾਂ ਅਤੇ ਇਹ ਆਸ ਕਰਦਾ ਹਾਂ ਕਿ ਨਿਸ਼ਾਨ ਸਿੰਘ ਅਗਾਂਹ ਤੋਂ ਵੀ ਇਸੇ ਤਰ੍ਹਾਂ ਸਾਹਿਤ ਦੇ ਖੇਤਰ ਵਿਚ ਆਪਣੀ ਹਾਜ਼ਰੀ ਲਗਵਾਉਂਦਾ ਰਹੇਗਾ ਅਤੇ ਸਾਹਿਤ ਸੰਸਾਰ ਵਿਚ ਆਪਣਾ ਸਾਰਥਕ ਰੋਲ ਅਦਾ ਕਰਦਾ ਰਹੇਗਾ।

–ਬਲਵੰਤ ਸਿੰਘ ਲੈਕਚਰਾਰ
ਸੰਪਾਦਕ, ਤਰਕਸ਼ੀਲ ਪਥ (ਹਿੰਦੀ ਪੱਤ੍ਰਿਕਾ)
ਤਰਕਸ਼ੀਲ ਸੁਸਾਇਟੀ, ਹਰਿਆਣਾ


www.PunjabiLibrary.com

# ਭੂਮਿਕਾ

ਕਵਿਤਾ ਸਾਡੇ ਜੀਵਨ ਦਾ ਅਹਿਮ ਅੰਗ ਹੈ ਅਤੇ ਇਸ ਵਿਧਾ ਰਾਹੀਂ ਅਸੀਂ ਆਪਣੇ ਮਨੋਭਾਵਾਂ ਨੂੰ ਬਹੁਤ ਸਹਿਜ ਢੰਗ ਨਾਲ ਦੂਜਿਆਂ ਸਾਹਮਣੇ ਪ੍ਰਗਟ ਕਰ ਸਕਦੇ ਹਾਂ। ਕਵਿਤਾ ਨੂੰ ਰੱਬੀ ਸੁਗਾਤ ਮੰਨਿਆਂ ਜਾਂਦਾ ਹੈ ਅਤੇ ਇਸ ਸੰਸਾਰ ਵਿਚ ਬਹੁਤ ਵਿਰਲੇ ਵਿਅਕਤੀ ਹਨ ਜਿਨ੍ਹਾਂ ਦੇ ਹਿੱਸੇ ਇਸ ਸੁਗਾਤ ਆਈ ਹੈ। ਦੂਜੇ ਪਾਸੇ ਫ਼ੌਜੀ ਜੀਵਨ ਅਤੇ ਸਿਵਿਲ ਜੀਵਨ ਵਿਚ ਜ਼ਮੀਨ-ਆਸਮਾਨ ਦਾ ਅੰਤਰ ਹੈ। ਫ਼ੌਜੀ ਜੀਵਨ ਵਿਚ ਅਨੁਸ਼ਾਸ਼ਨ ਨੂੰ ਅਹਿਮ ਮੰਨਿਆ ਜਾਂਦਾ ਹੈ ਅਤੇ ਇਹ ਜੀਵਨ ਬਹੁਤ ਸਖ਼ਤ ਹੁੰਦਾ ਹੈ। ਇਹ ਵੀ ਬੜੀ ਅਜੀਬ ਸਥਿਤੀ ਹੈ ਕਿ ਇਕ ਸਖ਼ਤ ਜੀਵਨ ਵਾਲਾ ਇਨਸਾਨ ਕੋਲਮਤਾ ਦੇ ਪ੍ਰਤੀਕ ਕਾਵਿ ਨੂੰ ਲਿਖਦਾ ਹੈ, ਮਾਣਦਾ ਹੈ ਅਤੇ ਕਹਿੰਦਾ ਹੈ। ਇਸ ਸਭ ਮੇਰੇ ਜੀਵਨ ਵਿਚ ਵਾਪਰ ਰਿਹਾ ਹੈ ਕਿਉਂਕਿ ਜਿੱਥੇ ਇਕ ਪਾਸੇ ਮੈਂ ਫ਼ੌਜੀ ਜੀਵਨ ਨੂੰ ਜੀਅ ਰਿਹਾ ਹਾਂ ਉੱਥੇ ਦੂਜੇ ਪਾਸੇ ਕਵਿਤਾ ਦੀ ਰੱਬੀ ਸੁਗਾਤ ਦਾ ਆਨੰਦ ਵੀ ਮਾਣ ਰਿਹਾ ਹਾਂ।

ਫ਼ੌਜੀ ਜੀਵਨ ਵਿਚ ਕਈ ਵਾਰ ਲੇਹ- ਲੱਦਾਖ਼ ਦੀਆਂ ਬਰਫ਼ੀਲੀਆਂ ਪਹਾੜੀਆਂ ਉੱਪਰ ਰਹਿਣਾ ਪੈਂਦਾ ਹੈ ਅਤੇ ਕਈ ਵਾਰ ਮਾਰੂਥੱਲ ਦੀ ਤੱਪਦੀ ਰੇਤ ਉੱਪਰ, ਪਰ ਹਰ ਵਾਰ ਕਵਿਤਾ ਦੀ ਨਿੱਘੀ ਮਹਿਕ ਮੇਰੇ ਜੀਵਨ ਨੂੰ ਮਹਿਕਾ ਜਾਂਦੀ ਹੈ। ਮੈਨੂੰ ਕਦੇ ਵੀ ਇਹ ਅਹਿਸਾਸ ਨਹੀਂ ਹੁੰਦਾ ਕਿ ਮੈਂ ਇਕੱਲਾ ਹਾਂ। ਫ਼ੌਜੀ ਜੀਵਨ ਵਿਚ ਅਸੀਂ ਕਈ ਵਾਰ ਸ਼ਮਸ਼ਾਨਘਾਟ ਵਿਚ ਵੀ ਰਾਤ ਬਿਤਾਈ ਹੈ ਅਤੇ ਕਈ ਵਾਰ ਪਿੰਡਾਂ ਦੀਆਂ ਬੀਆਬਾਨ ਹਵੇਲੀਆਂ ਵਿਚ ਵੀ, ਪਰ ਚੰਗੀ ਕਿਸਮਤ ਨਾਲ ਹਰ ਵਾਰ ਮੇਰੇ ਨਾਲ ਮੇਰੀ ਕਵਿਤਾ ਹੁੰਦੀ ਹੈ।

ਮੇਰੇ ਦੁਆਰਾ ਰਚਿਤ ਇਸ ਕਾਵਿ ਸੰਗ੍ਰਿਹ 'ਰਾਂਝਣ ਮਾਹੀ' ਵਿਚ ਜੀਵਨ ਦੇ ਹਰ ਖੇਤਰ ਨਾਲ ਸੰਬੰਧਤ ਕਵਿਤਾਵਾਂ ਦੀ ਸਿਰਜਣਾ ਕੀਤੀ ਗਈ ਹੈ। ਬਿਰਹਾ, ਮਾਪੇ, ਬਚਪਣ, ਮਾਹੀ, ਫ਼ੌਜੀ, ਪਾਖੰਡ, ਮਾਨਵਤਾ, ਗ਼ਰੀਬੀ ਦਾ ਜੀਵਨ, ਦਾਜ ਪ੍ਰਥਾ, ਭ੍ਰੂਣ ਹੱਤਿਆ, ਕਿਰਸਾਨੀ ਦੀਆਂ ਸਮੱਸਿਆਵਾਂ ਅਤੇ ਆਮ ਜਨ-ਜੀਵਨ ਵਿਚ ਵਾਪਰ ਰਹੀਆਂ ਘਟਨਾਵਾਂ ਨੂੰ ਬਿਆਨ ਕਰਨ ਦਾ ਯਤਨ ਕੀਤਾ ਗਿਆ ਹੈ। ਰਾਂਝਣ ਮਾਹੀ


www.PunjabiLibrary.com

ਕਾਵਿ ਸੰਗ੍ਰਹਿ ਵਿਚ ਕਿਸੇ ਅਜਿਹੀ ਭਾਸ਼ਾ-ਸ਼ੈਲੀ ਦੀ ਵਰਤੋਂ ਨਹੀਂ ਕੀਤੀ ਗਈ ਜਿਹੜੀ ਆਮ ਸਾਧਾਰਨ ਪਾਠਕ ਦੇ ਸਿਰ ਉੱਪਰੋਂ ਲੰਘ ਜਾਵੇ ਬਲਕਿ ਸਰਲ ਭਾਸ਼ਾ ਵਿਚ ਸਿੱਧੇ ਸਾਫ਼ ਸ਼ਬਦਾਂ ਵਿਚ ਆਪਣੀ ਗੱਲ ਨੂੰ ਬਿਆਨ ਕੀਤਾ ਗਿਆ ਹੈ।

ਇਸ ਕਾਵਿ ਸੰਗ੍ਰਹਿ ਵਿਚਲੀ ਕਵਿਤਾ 'ਬਹਾਦਰ ਸੂਰਾ' ਮੇਰੇ ਦਿਲ ਦੇ ਬਹੁਤ ਨੇੜੇ ਹੈ ਕਿਉਂਕਿ ਇਸ ਕਵਿਤਾ ਵਿਚ ਮੈਂ ਉਸ ਬਹਾਦਰ ਸੂਰੇ ਬਾਰੇ ਜ਼ਿਕਰ ਕੀਤਾ ਹੈ ਜੋ ਲਗਭਗ ਛੇ ਦਿਨ ਬਰਫ਼ ਦੇ ਹੇਠਾਂ ਦੱਬਿਆ ਰਿਹਾ ਅਤੇ ਉਸਦੇ ਨਾਲ ਦੇ ਨੌਂ ਸਾਥੀ ਸ਼ਹੀਦ ਹੋ ਗਏ ਪਰ ਉਹ ਬਹਾਦਰ ਸੂਰ ਛੇ ਦਿਨ ਬਰਫ਼ ਦੇ ਹੇਠਾਂ ਰਹਿ ਕੇ ਵੀ ਜਿਉਂਦਾ ਨਿਕਲ ਆਇਆ ਪਰ ਦਿੱਲੀ ਦੇ ਫ਼ੌਜੀ ਹਸਪਤਾਲ ਵਿਚ ਇਲਾਜ ਦੌਰਾਨ ਸ਼ਹੀਦ ਹੋ ਗਿਆ। ਮੈਂ 'ਹੰਨੂਮੰਤ ਥੱਪਾ' ਦਾ ਜ਼ਿਕਰ ਕਰ ਰਿਹਾ ਹਾਂ। ਇਹ ਅਜਿਹੀ ਮਿਸਾਲ ਹੈ ਜੋ ਮੈਨੂੰ ਬਹੁਤ ਪ੍ਰਭਾਵਿਤ ਕਰਦੀ ਹੈ।

ਫ਼ੌਜੀ ਜਵਾਨ ਜਦੋਂ ਦੇਸ਼ ਦੀ ਰੱਖਿਆ ਕਰਦਾ ਹੋਇਆ ਬਾਰਡਰ ਤੇ ਸ਼ਹੀਦ ਹੋ ਜਾਂਦਾ ਹੈ ਤਾਂ ਕੁਝ ਦਿਨ ਸਿਵਿਲ ਲੋਕਾਂ ਵਿਚ ਚਰਚਾ ਦਾ ਵਿਸ਼ਾ ਬਣਿਆ ਰਹਿੰਦਾ ਹੈ ਪਰ ਕੁਝ ਦਿਨਾਂ ਬਾਅਦ ਲੋਕ ਭੁੱਲ ਜਾਂਦੇ ਹਨ ਅਤੇ ਉਸ ਜਵਾਨ ਦੇ ਘਰ ਜਾ ਕੇ ਕੋਈ ਮਦਦ ਨਹੀਂ ਕਰਦਾ।

ਮੇਰੇ ਇਸ ਕਾਵਿ ਸੰਗ੍ਰਹਿ ਦੀ ਕਵਿਤਾ 'ਰਾਂਝਣ ਮਾਹੀ' ਵਿਚ ਇਕ ਅਜਿਹੀ ਨਾਇਕਾ ਦਾ ਚਿੱਤਰਣ ਕੀਤਾ ਗਿਆ ਹੈ ਜੋ ਆਪਣੇ ਮਾਹੀ/ਕੰਤ ਦੇ ਵਿਛੋੜੇ ਦੀ ਬਿਰਹਾ ਨੂੰ ਆਪਣੇ ਪਿੰਡੇ ਉੱਪਰ ਹੰਢਾ ਰਹੀ ਹੈ। ਉਹ ਚਾਹੁੰਦੀ ਹੈ ਕਿ ਉਸਦਾ 'ਰਾਂਝਣ ਮਾਹੀ' ਜਲਦ ਆ ਕੇ ਉਸ ਨੂੰ ਮਿਲ ਜਾਵੇ ਅਤੇ ਇਸ ਬਿਰਹਾ ਦਾ ਅੰਤ ਹੋ ਜਾਵੇ। ਦੂਜੇ ਸ਼ਬਦਾਂ ਵਿਚ ਇਸ ਨੂੰ ਅਧਿਆਤਮਕ ਜਗਤ ਨਾਲ ਜੋੜ ਕੇ ਵੀ ਦੇਖਿਆ ਜਾ ਸਕਦਾ ਹੈ, ਜੀਵ ਰੂਪੀ ਇਸਤਰੀ, ਪਰਮਾਤਮਾ ਰੂਪੀ ਆਪਣੇ ਕੰਤ ਨਾਲੋਂ ਵਿਯੋਗ ਦਾ ਸੰਤਾਪ ਆਪਣੇ ਪਿੰਡੇ ਉੱਤੇ ਹੰਢਾ ਰਹੀ ਹੈ ਅਤੇ ਆਪਣੇ ਕੰਤ ਨੂੰ ਮੁੜ ਮਿਲਣ ਲਈ ਤੱਤਪਰ ਰਹਿੰਦੀ ਹੈ। ਇਨਸਾਨੀ ਜੀਵਨ ਦੇ ਸਮੁੱਚੇ ਕਾਰ-ਵਿਹਾਰ ਨੂੰ ਇਹਨਾਂ ਉੱਪਰਾਲਿਆਂ ਵੱਜੋਂ ਦੇਖਿਆ ਜਾ ਸਕਦਾ ਹੈ। ਜਿਸ ਵੇਲੇ ਜੀਵ ਰੂਪੀ ਇਸਤਰੀ ਨੂੰ ਆਪਣੇ ਕੰਤ ਭਾਵ ਪਰਮਾਤਮਾ ਦੀ ਪ੍ਰਾਪਤੀ ਹੋ ਜਾਂਦੀ ਹੈ ਤਾਂ ਉਸ ਦੀ ਇਸ ਬਿਰਹਾ ਦਾ ਅੰਤ ਹੋ ਜਾਂਦਾ ਹੈ।

'ਨਵਾਂ ਜਮਾਨਾਂ' ਕਵਿਤਾ ਵਿਚ ਅਜੋਕੇ ਸਮਾਜ ਦਾ ਚਿੱਤਰਣ ਪੇਸ਼ ਕੀਤਾ ਗਿਆ ਹੈ ਕਿ ਕਿਵੇਂ ਅੱਜਕਲ੍ਹ ਸਾਡੇ ਘਰ ਟੁੱਟ ਰਹੇ ਹਨ ਅਤੇ ਆਪਸ ਵਿਚ ਪ੍ਰੇਮ-ਪਿਆਰ ਖ਼ਤਮ ਹੁੰਦੇ ਜਾ ਰਹੇ ਹਨ। ਭਰਾਵਾਂ ਵਿਚ ਜਾਇਦਾਦ ਨੂੰ ਲੈ ਕੇ ਵਿਵਾਦ ਵੱਧ ਰਹੇ ਹਨ ਅਤੇ ਭੈਣਾਂ ਵਿਚ ਵੀ ਆਪਸੀ ਪਿਆਰ ਖ਼ਤਮ ਹੁੰਦੇ ਜਾ ਰਹੇ ਹਨ।

'ਉਹ ਮਾਂ ਹੁੰਦੀ ਹੈ' ਕਵਿਤਾ ਵਿਚ ਮਾਂ ਦੇ ਸਮੱਚੇ ਜੀਵਨ ਨੂੰ ਬਿਆਨ ਕੀਤਾ ਗਿਆ ਹੈ। ਮਾਂ ਇਕ ਅਜਿਹਾ ਸ਼ਬਦ ਹੈ ਜੋ ਕੰਨਾਂ ਨੂੰ ਸੁਣ ਕੇ ਚੰਗਾ ਲੱਗਦਾ ਹੈ। ਮਾਂ


www.PunjabiLibrary.com

ਇਸ ਸੰਸਾਰ ਵਿਚ ਅਜਿਹੀ ਸ਼ਖ਼ਸੀਅਤ ਹੈ ਜੋ ਆਪਣੇ ਬੱਚਿਆਂ ਦਾ ਹਮੇਸ਼ਾ ਭਲਾ ਸੋਚਦੀ ਹੈ। ਬੱਚਾ ਜਦੋਂ ਨਿੱਕਾ ਹੁੰਦਾ ਹੈ ਤਾਂ ਮਾਂ ਹੀ ਉਸਨੂੰ ਪਹਿਲਾਂ ਕਦਮ ਤੁਰਨਾ ਸਿਖਾਉਂਦੀ ਹੈ। ਮਾਂ ਖੁਦ ਗਿੱਲੇ ਬਿਸਤਰ ਤੇ ਸੌਂ ਕੇ ਆਪਣੇ ਬੱਚੇ ਨੂੰ ਸੁੱਕੇ ਥਾਂ ਤੇ ਪਾਉਂਦੀ ਹੈ। ਮਾਂ ਹਰ ਵੇਲੇ ਆਪਣੇ ਬੱਚਿਆਂ ਦੇ ਚੰਗੇ ਸੁਪਨੇ ਦੇਖਦੀ ਹੈ ਅਤੇ ਇਹ ਦੁਆਵਾਂ ਮੰਗਦੀ ਹੈ ਕਿ ਮੇਰੇ ਬੱਚਿਆਂ ਨੂੰ ਤੱਤੀ ਵਾਅ ਵੀ ਨਾ ਲੱਗੇ।

ਇਸ ਤੋਂ ਇਲਾਵਾ ਮੇਰੀ ਇਸ ਪੁਸਤਕ ਵਿਚ 'ਅੰਨ੍ਹੇ ਬੰਦਿਆਂ' ਬਾਰੇ ਵੀ ਜ਼ਿਕਰ ਕੀਤਾ ਗਿਆ ਹੈ ਜੋ ਅੰਧਵਿਸ਼ਵਾਸਾਂ ਵਿਚ ਆਪਣੇ ਜੀਵਨ ਨੂੰ ਵਿਅਰਥ ਗੁਆ ਰਹੇ ਹਨ। ਅਜਿਹੇ ਲੋਕ ਅੰਧਵਿਸ਼ਵਾਸਾਂ ਤੇ ਪਿੱਛੇ ਲੱਗ ਕੇ ਆਪਣੇ ਅਤੇ ਆਪਣੇ ਸਮਾਜ ਦਾ ਨੁਕਸਾਨ ਕਰ ਦਿੰਦੇ ਹਨ ਅਤੇ ਸਮਾਜਕ ਜੀਵਨ ਵਿਚ ਸਾਰਥਕ ਰੋਲ ਅਦਾ ਨਹੀਂ ਕਰਦੇ। ਅਜੋਕੇ ਸਮੇਂ ਭਾਰਤੀ ਜਨਮਾਨਸ ਅਤੇ ਖਾਸ ਕਰਕੇ ਪੰਜਾਬੀ ਜਨ-ਜੀਵਨ ਇਹਨਾਂ ਅੰਧਵਿਸ਼ਵਾਸ਼ਾਂ ਦੀ ਚਪੇਟ ਵਿਚ ਆਇਆ ਹੋਇਆ ਹੈ। ਸਾਡੇ ਪਿੰਡਾਂ ਵਿਚ ਕਈ ਪ੍ਰਕਾਰ ਦੇ ਵਹਿਮ-ਭਰਮ ਅਤੇ ਅੰਧਵਿਸ਼ਵਾਸ਼ ਪ੍ਰਚਲੱਤ ਹਨ ਅਤੇ ਪੇਂਡੂ ਜਨ-ਜੀਵਨ ਵਿਚ ਇਹਨਾਂ ਦਾ ਪ੍ਰਭਾਵ ਸਹਿਜੇ ਦੀ ਦੇਖਿਆ ਜਾ ਸਕਦਾ ਹੈ।

ਇਸੇ ਪ੍ਰਕਾਰ 'ਰੱਬ ਦਾ ਭੁਲੇਖਾ' ਕਵਿਤਾ ਵਿਚ ਅਜਿਹੇ ਕਰਮਕਾਡਾਂ ਦਾ ਜ਼ਿਕਰ ਕੀਤਾ ਗਿਆ ਹੈ ਜੋ ਸਾਡੇ ਸਮਾਜ ਵਿਚ ਆਮ ਲੋਕਾਂ ਵੱਲੋਂ ਪਰਮਾਤਮਾ ਨੂੰ ਪ੍ਰਾਪਤ ਕਰਨ ਲਈ ਕੀਤੇ ਜਾ ਰਹੇ ਹਨ। ਸਮਾਜ ਵਿਚ ਰਹਿੰਦਾ ਮਨੁੱਖ ਪ੍ਰਭੂ ਪ੍ਰਾਪਤੀ ਦੇ ਨਾਂ ਤੇ ਫੋਕੇ ਵਹਿਮਾਂ-ਭਰਮਾਂ ਵਿਚ ਫੱਸਿਆ ਹੋਇਆ ਹੈ। ਕੋਈ ਬੰਦਾ ਮੱਕੇ ਹੱਜ ਕਰਨ ਜਾ ਰਿਹਾ ਹੈ, ਕੋਈ ਤੀਰਥ- ਇਸ਼ਨਾਨ ਕਰਨ ਜਾ ਰਿਹਾ ਹੈ ਅਤੇ ਕੋਈ ਧਾਰਮਿਕ ਸਥਾਨਾਂ ਦੇ ਦਰਸ਼ਨਾਂ ਨੂੰ ਜਾ ਰਿਹਾ ਹੈ ਪਰ ਸੱਚੇ ਮਨੋ ਕੋਈ ਵੀ ਪਰਮਾਤਮਾ ਨੂੰ ਨਹੀਂ ਧਿਆਉਂਦਾ। ਇਸ ਲਈ ਇਹ ਸਭ ਕਰਮਕਾਂਡ ਵਿਅਰਥ ਹਨ।

'ਮਾਂ-ਬੋਲੀ' ਕਵਿਤਾ ਵਿਚ ਮਾਤ- ਭਾਸ਼ਾ ਦੀ ਸਿਫ਼ਤ ਕੀਤੀ ਗਈ ਹੈ। ਅੱਜਕਲ੍ਹ ਦੇਖਣ ਵਿਚ ਆ ਰਿਹਾ ਹੈ ਕਿ ਪੰਜਾਬੀ ਮਾਪੇ ਵੀ ਘਰਾਂ ਵਿਚ ਬੱਚਿਆਂ ਨਾਲ ਹਿੰਦੀ ਜਾਂ ਅੰਗਰੇਜੀ ਵਿਚ ਹੀ ਗੱਲਬਾਤ ਕਰਦੇ ਹਨ ਅਤੇ ਪੰਜਾਬੀ ਬੋਲੀ ਨੂੰ ਅਨਪੜ੍ਹਾਂ ਦੀ ਬੋਲੀ ਕਿਹਾ ਜਾਣ ਲੱਗਾ ਹੈ, ਪਰ ਇਸ ਕਵਿਤਾ ਰਾਹੀਂ ਇਹ ਸੁਨੇਹਾ ਦੇਣ ਦਾ ਯਤਨ ਕੀਤਾ ਗਿਆ ਹੈ ਕਿ ਪੰਜਾਬੀ ਵਿਚ ਹੀ ਬਾਬੇ ਨਾਨਕ ਦੇ ਧੁਰ ਕੀ ਬਾਣੀ ਦਾ ਨਾਅਰਾ ਲਗਾਇਆ ਸੀ। ਪੰਜਾਬੀ ਵਿਚ ਹੀ ਵਾਰਿਸ ਸ਼ਾਹ ਨੇ ਹੀਰ ਦੇ ਰਚਨਾ ਕੀਤੀ ਹੈ ਸ਼ਿਵ ਨੇ ਲੂਣਾ ਜਿਹਾ ਸ਼ਾਹਕਾਰ ਰਚਨਾ ਸਾਡੀ ਝੌਲੀ ਪਾਈ ਸੀ। ਪੰਜਾਬੀ ਸਾਡੀ ਮਾਤ-ਭਾਸ਼ਾ ਹੈ ਅਤੇ ਵਿਸ਼ਵ ਦੀਆਂ ਹੋਰਨਾਂ ਭਾਸ਼ਾਵਾਂ ਵਾਂਗ ਬਹੁਤ ਅਮੀਰ ਹੈ।

'ਕੰਨਿਆਂ- ਪੂਜਨ' ਕਵਿਤਾ ਵਿਚ ਭਰੂਣ ਹੱਤਿਆ ਜਿਹੀ ਸਮਾਜਿਕ ਕੁਰੀਤੀ ਬਾਰੇ ਜ਼ਿਕਰ ਕੀਤਾ ਗਿਆ ਹੈ। ਭਾਰਤੀ ਸਮਾਜ ਵਿਚ ਇਕ ਪਾਸੇ ਤਾਂ ਕੰਨਿਆਂ ਪੂਜਨ


www.PunjabiLibrary.com

ਕੀਤਾ ਜਾਂਦਾ ਹੈ ਪਰ ਦੂਜੇ ਪਾਸੇ ਕੰਨਿਆਂ ਨੂੰ ਕੁੱਖ ਵਿਚ ਹੀ ਕਤਲ ਕਰਾ ਦਿੱਤਾ ਜਾਂਦਾ ਹੈ। ਲੋਕ ਧੀਆਂ ਨੂੰ ਪੈਦਾ ਕਰਨ ਤੋਂ ਡਰਦੇ ਹਨ ਅਤੇ ਲਾਲਚੀ ਡਾਕਟਰਾਂ ਦੀ ਮਿਲੀਭੁਗਤ ਨਾਲ ਧੀਆਂ ਨੂੰ ਕੁੱਖ ਵਿਚ ਹੀ ਕਤਲ ਕਰ ਦਿੰਦੇ ਹਨ ਪਰ ਫਿਰ ਕਿਸੇ ਦਿਨ-ਤਿਉਹਾਰ ਤੇ ਕੰਨਿਆਂ ਪੂਜਨ ਕਰਕੇ ਉਹਨਾਂ ਲੜਕੀਆਂ ਦੇ ਪੈਰਾਂ ਨੂੰ ਹੱਥ ਲਗਾਉਂਦੇ ਹਨ, ਜਿੰਨਾਂ ਨੂੰ ਉਹਨਾਂ ਕੁੱਖ ਵਿਚ ਹੀ ਕਤਲ ਕਰ ਦਿੱਤਾ ਹੁੰਦਾ ਹੈ।

'ਭਗਤ ਸਿੰਘ ਨੂੰ ਪੁਕਾਰ' ਕਵਿਤਾ ਵਿਚ ਅਜੋਕੇ ਸਮੇਂ ਦੇਸ਼ ਵਿਚ ਨੌਜਵਾਨਾਂ ਦੀ ਤਰਸਯੋਗ ਹਾਲਤ ਨੂੰ ਬਿਆਨ ਕੀਤਾ ਗਿਆ ਹੈ ਕਿਉਂਕਿ ਭਾਰਤ ਵਿਚ ਅਤੇ ਖਾਸ ਕਰਕੇ ਪੰਜਾਬ ਵਿਚ ਨੌਜਵਾਨ ਵਰਗ ਨਸ਼ਿਆਂ ਦੇ ਹੜ ਵਿਚ ਵਹਿ ਗਿਆ ਜਾਪਦਾ ਹੈ। ਪੰਜਾਬ ਦੀ ਜੁਆਨੀ ਸਾਰਥਕ ਕੰਮਾਂ ਵਿਚ ਆਪਣੇ ਸਮੇਂ ਨੂੰ ਬਤੀਤ ਨਹੀਂ ਕਰਦੀ ਬਲਕਿ ਨਸ਼ੇ ਦੇ ਵਹਿਣ ਵਿਚ ਵਹਿ ਗਈ ਲੱਗਦੀ ਹੈ। ਭਗਤ ਸਿੰਘ ਨੂੰ ਪੁਕਾਰ ਕਵਿਤਾ ਰਾਹੀਂ ਬੇਨਤੀ ਕੀਤੀ ਗਈ ਹੈ ਕਿ ਉਹ ਦੇਸ਼ ਦਾ ਸੂਰਬੀਰ ਯੋਧਾ ਮੁੜ ਕੇ ਆ ਜਾਵੇ ਅਤੇ ਸਾਡੀ ਨੌਜਵਾਨ ਪੀੜ੍ਹੀ ਨੂੰ ਚੰਗੀ ਸੇਧ ਦੇਵੇ।

ਇਸ ਤੋਂ ਇਲਾਵਾ 'ਰਾਂਝਣ ਮਾਹੀ' ਕਾਵਿ ਸੰਗ੍ਰਹਿ ਵਿਚ ਜੀਵਨ ਨਾਲ ਸੰਬੰਧਤ ਹਰ ਪੱਖ ਬਾਰੇ ਕਵਿਤਾਵਾਂ ਦੀ ਸਿਰਜਣਾ ਕੀਤੀ ਗਈ ਹੈ। ਉਹ ਚਾਹੇ ਚੰਗੇ ਅਤੇ ਨੇਕ ਕੰਮ ਕਰਨ ਦੀ ਸਿੱਖਿਆ ਬਾਰੇ ਹੋਵੇ, ਚਾਹੇ ਦੁਨੀਆਂਦਾਰੀ ਦੀ ਗੱਲ ਹੋਵੇ ਜਾਂ ਫਿਰ ਸਮਾਜਿਕ ਕੁਰੀਤੀਆਂ ਦੀ ਗੱਲ ਹੋਵੇ। ਜੀਵਨ ਦੇ ਹਰ ਪੱਖ ਨੂੰ ਛੋਹਣ ਦਾ ਯਤਨ ਕੀਤਾ ਗਿਆ ਹੈ।

ਅੰਤ ਵਿਚ ਮੈਂ ਸਮੂਹ ਪਾਠਕਾਂ ਤੋਂ ਇਹ ਆਸ ਕਰਦਾ ਹਾਂ ਕਿ ਉਹ ਆਪਣੇ ਵੱਡਮੁੱਲੇ ਵਿਚਾਰ ਮੈਨੂੰ ਭੇਜ ਕੇ ਮੇਰਾ ਮਾਰਗ-ਦਰਸ਼ਨ ਕਰਨਗੇ। ਇਸ ਪੁਸਤਕ ਵਿਚ ਹੋਈਆਂ ਗਲਤੀਆਂ ਲਈ ਸੁਝਾਅ ਭੇਣਗੇ ਅਤੇ ਚੰਗੇ ਕੰਮ ਲਈ ਮੇਰੀ ਹੌਂਸਲਾਅਫ਼ਜਾਈ ਕਰਨਗੇ।

-ਡਾ. ਨਿਸ਼ਾਨ ਸਿੰਘ


www.PunjabiLibrary.com

# ਬਿਰਹਾ ਦੀ ਪੀੜ

"ਚੁਪ-ਚਪੀਤੇ ਤੁਰ ਗਿਆ ਉਹ ਤਾਂ
ਲਾਰਾ ਜਿਹਾ ਲਗਾ ਕੇ,
ਅੱਜ ਵੀ ਲੱਗਦਾ ਚੁੱਪ ਕਰਾਊ
ਸੀਨੇ ਨਾਲ ਲਗਾ ਕੇ,
ਉਸ ਸੱਜਣ ਦੀਆਂ ਯਾਦਾਂ ਨੇ ਤਾਂ
ਬਿਰਹਾ ਅਗਨ ਜਲਾਈ,
ਰੂਹ ਤਾਂ ਉਹਦੇ ਨਾਵੇਂ ਕਰ ਤੀ
ਜਿੰਦ ਗਈ ਕੁਮਲਾਈ,
ਅਸਾਂ ਦੀ ਜਿੰਦ ਗਈ ਕੁਮਲਾਈ।

ਨਿੱਕੀ ਉੱਮਰੇ ਪਿਆਰ ਸੀ ਕੀਤਾ
ਰੂਹ ਨੂੰ ਨਾਵੇਂ ਕਰਾ ਕੇ,
ਉਸ ਦੀਆਂ ਰਾਹਵਾਂ ਤੱਕਦੀ ਅੱਜ ਵੀ
ਪਲਕਾਂ ਬੈਠੀ ਵਿਛਾ ਕੇ,
ਅੱਜ ਤੱਕ ਸੋਹਣਾ ਆਇਆ ਨਾਹੀਂ
ਬੈਠੀ ਭੁੱਖੀ-ਧਿਆਈ,
ਰੂਹ ਤਾਂ ਉਹਦੇ ਨਾਵੇਂ ਕਰ ਤੀ
ਜਿੰਦ ਗਈ ਕੁਮਲਾਈ,
ਅਸਾਂ ਦੀ ਜਿੰਦ . . .

ਬਾਬੁਲ ਦੇ ਵਿਹੜੇ ਵਿਚ ਬੈਠੀ
ਤੱਕਲੇ ਤੰਦ ਹਾਂ ਪਾਉਂਦੀ,
ਮਿਲਣ ਨੂੰ ਤੜਫ਼ੇ ਇਹ ਨਿਮਾਣੀ
ਘੜੀ ਨਹੀਂ ਪਰ ਆਉਂਦੀ,
ਰੱਬਾ ਸੋਹਣਾ ਯਾਰ ਮਿਲਾ ਦੇ
ਕਰਾਂ ਤੇਰੀ ਵਡਿਆਈ,
ਰੂਹ ਤਾਂ ਉਹਦੇ ਨਾਵੇਂ ਕਰ ਤੀ


www.PunjabiLibrary.com

ਜਿੰਦ ਗਈ ਕੁਮਲਾਈ,
ਅਸਾਂ ਦੀ ਜਿੰਦ . . .

ਹਰ ਸਾਹ ਸੰਗ ਮੈਂ ਨਾਮ ਧਿਆਉਂਦੀ
ਰੋਮ-ਰੋਮ ਵਿਚ ਵੱਸਿਆ,
ਰਹੇ ਤੜਫ਼ਦੀ ਜਿੰਦ ਨਿਮਾਣੀ
ਬਿਰਹਾ ਸ਼ਿਕੰਜਾ ਕੱਸਿਆ,
ਪੈਰ ਨਾ ਮੇਰੇ ਪੈਣ ਧਰਤੀ ਤੇ
ਮਿਲਣ ਦੀ ਬੇਲਾ ਆਈ,
ਰੂਹ ਤਾਂ ਉਹਦੇ ਨਾਵੇਂ ਕਰ ਤੀ
ਜਿੰਦ ਗਈ ਕੁਮਲਾਈ,
ਅਸਾਂ ਦੀ ਜਿੰਦ . . .।"

-0-

# ਨਵਾਂ ਜਮਾਨਾ

"ਨਾ ਉਹ ਪ੍ਰੇਮ-ਪਿਆਰ ਰਹੇ ਨੇ
ਨਾ ਉਹ ਰਹੇ ਤਿਉਹਾਰ,
ਦਿਲ ਵਿਚ ਨਫ਼ਰਤ ਕਰਦੇ ਲੋਕੀਂ
ਉੱਪਰੋਂ ਕਰਦੇ ਪਿਆਰ,
ਬੱਸ ਉੱਪਰੋਂ ਕਰਦੇ ਪਿਆਰ।

ਭਾਈਆਂ ਦੇ ਵਿਚ ਮੋਹ ਰਿਹਾ ਨਾ
ਯਾਰਾਂ ਦੇ ਨਹੀਂ ਯਾਰ,
ਜ਼ਿੰਦਗੀ ਦੇ ਵਿਚ ਜਿੱਤਣ ਖ਼ਾਤਰ
ਸਭ ਕੁਝ ਲੈਂਦੇ ਹਾਰ,
ਦਿਲ ਵਿਚ ਨਫ਼ਰਤ ਕਰਦੇ ਲੋਕੀਂ
ਉੱਪਰੋਂ ਕਰਦੇ ਪਿਆਰ,
ਬੱਸ ਉੱਪਰੋਂ . . .

ਮਾਂ-ਬਾਪ ਨੂੰ ਕੋਈ ਨ੍ਹੀਂ ਪੁੱਛਦਾ
ਨਾ ਕਰਦਾ ਸਤਿਕਾਰ,
ਐਸ਼ਪ੍ਰਸਤੀ ਕਰਨੇ ਲਈ ਫਿਰ
ਕਰਜ਼ੇ ਲੈਂਦੇ ਚਾੜ੍ਹ,
ਦਿਲ ਵਿਚ ਨਫ਼ਰਤ ਕਰਦੇ ਲੋਕੀਂ
ਉੱਪਰੋਂ ਕਰਦੇ ਪਿਆਰ,
ਬੱਸ ਉੱਪਰੋਂ . . .

ਸਾਂਝੀਆਂ ਨਾ ਹੁਣ ਸੱਥਾਂ ਰਹੀਆਂ
ਕੰਧਾਂ ਲਈਆਂ ਉਸਾਰ,
ਇਹ ਸਾਡਾ ਤੇ ਉਹ ਤੁਹਾਡਾ
ਵੰਡ ਲਿਆ ਘਰ-ਬਾਰ
ਦਿਲ ਵਿਚ ਨਫ਼ਰਤ ਕਰਦੇ ਲੋਕੀਂ
ਉੱਪਰੋਂ ਕਰਦੇ ਪਿਆਰ,
ਬੱਸ ਉੱਪਰੋਂ . . .।"

-0-


www.PunjabiLibrary.com

# ਰੱਬ ਦਾ ਭੁਲੇਖਾ

"ਹੱਜ ਕਰਨ ਉਹ ਮੱਕੇ ਜਾਂਦੇ
ਬਹੁਤ ਦੁਆਵਾਂ ਪੜ੍ਹਦੇ,
ਤੀਰਥ ਉੱਤੇ ਨਹਾਉਂਦੇ ਲੋਕੀਂ
ਕੰਢੇ ਉੱਤੇ ਖੜ੍ਹਕੇ,
ਰੱਬ, ਅੱਲ੍ਹਾ ਤੇ ਨਾਂ ਤੇ ਮਿੱਤਰੋ
ਵੰਡ ਹੋ ਗਏ ਨੇ ਬੰਦੇ,
ਇਕ ਨੂਰ ਤੋਂ ਉੱਪਜੇ ਨੇ ਸਭ
ਕੀ ਚੰਗੇ ਕੀ ਮੰਦੇ,
ਮਿੱਤਰੋ ਕੀ ਚੰਗੇ ਕੀ ਮੰਦੇ।

ਕੋਈ ਪਾਉਂਦਾ ਗਲ੍ਹ ਵਿਚ ਧਾਗਾ
ਕੋਈ ਸੁੰਨਤ ਕਰਦਾ,
ਕੋਈ ਮੱਥਾ ਟੇਕੇ ਰੱਬ ਨੂੰ
ਕੋਈ ਸੱਜਦਾ ਕਰਦਾ,
ਸਭ ਨੇ ਇਕ ਨੂੰ ਪਾਉਣਾ ਮਿੱਤਰੋ
ਫਿਰ ਕਿਉਂ ਰੱਬ ਨੇ ਵੰਡੇ,
ਇਕ ਨੂਰ ਤੋਂ ਉੱਪਜੇ ਨੇ ਸਭ
ਕੀ ਚੰਗੇ ਕੀ ਮੰਦੇ,
ਮਿੱਤਰੋ ਕੀ ਚੰਗੇ . . .

ਕੋਈ ਕਰੇ ਪੱਛਮ ਨੂੰ ਸੱਜਦਾ
ਸੂਰਜ ਨੂੰ ਜਲ ਦਿੰਦਾ,
ਇਹੀ ਮਨ ਦਾ ਭਰਮ ਓ ਲੋਕੋ
ਹਰ ਥਾਂ ਰੱਬ ਹੀ ਹੁੰਦਾ,
ਕਪੜੇ ਰੱਬ ਨੂੰ ਪਾਈ ਜਾਂਦੇ
ਕੀ ਤੱਤੇ ਕੀ ਠੰਡੇ?
ਇਕ ਨੂਰ ਤੋਂ ਉੱਪਜੇ ਨੇ ਸਭ


www.PunjabiLibrary.com

ਕੀ ਚੰਗੇ ਕੀ ਮੰਦੇ,
ਮਿੱਤਰੋ ਕੀ ਚੰਗੇ . . .

ਕੋਈ ਕਹੇ ਉਹ ਦਿਲ ਵਿਚ ਵੱਸਦਾ
ਕੋਈ ਕਹੇ ਉਹ ਮੱਕੇ,
ਕੋਈ ਕਹੇ ਮੈਂ ਪੜ੍ਹ ਕੇ ਪਾਉਣਾ
ਪੜ੍ਹ ਕਿਤਾਬਾਂ ਥੱਕੇ,
ਤਾਰੀ ਲਾ ਲੈ ਵਿਚ ਸਮੁੰਦਰਾਂ
ਖੜ੍ਹਿਆ ਕਾਹਨੂੰ ਕੰਢੇ?
ਇਕ ਨੂਰ ਤੋਂ ਉੱਪਜੇ ਨੇ ਸਭ
ਕੀ ਚੰਗੇ ਕੀ ਮੰਦੇ,
ਮਿੱਤਰੋ ਕੀ ਚੰਗੇ . . .।"

-0-


www.PunjabiLibrary.com

# ਰਾਂਝਣ ਮਾਹੀ

''ਸੁਣ ਬਾਤਾਂ ਉਸ ਰਾਂਝਣ ਦੀਆਂ
ਬੈਠ ਹੁੰਗਾਰਾ ਭਰਦੀ ਹਾਂ,
ਇਸ਼ਕ ਸਮੁੰਦਰ ਪਾਰ ਨ੍ਹੀਂ ਹੁੰਦਾ
ਵਿੱਚ- ਵਿਚਾਲੇ ਤਰਦੀ ਹਾਂ।

ਗੱਲਾਂ ਉਸ ਦੀਆਂ, ਮਨ ਨੂੰ ਭਾਵਣ
ਚਿਹਰਾ ਖਿੜਿਆ ਰਹਿੰਦਾ ਏ,
ਹਰ ਪਲ ਉਸਦਾ ਸਾਇਆ ਹੋ ਜਾਂ
ਦਿਲ ਚੰਦਰਾ ਇਹ ਕਹਿੰਦਾ ਏ,
ਇਹ ਮਨ ਉਸਦੇ ਚਰਨੀਂ ਧਰ ਕੇ
ਇਸ਼ਕ ਪੌੜੀਆਂ ਚੜ੍ਹਦੀ ਹਾਂ,
ਸੁਣ ਬਾਤਾਂ ਉਸ ਰਾਂਝਣ ਦੀਆਂ
ਬੈਠ ਹੁੰਗਾਰਾ ਭਰਦੀ ਹਾਂ,
ਇਸ਼ਕ ਸਮੁੰਦਰ ਪਾਰ ਨ੍ਹੀਂ ਹੁੰਦਾ
ਵਿੱਚ- ਵਿਚਾਲੇ . . .

ਜੱਗ ਦੇ ਤਾਹਨੇ, ਸੁਣ ਕੇ ਸਈਓ
ਦਿਲ ਮਰਜਾਣਾ, ਡਰਦਾ ਏ,
ਠੰਡਾ ਭਾਵੇਂ ਸਾਉਣ ਮਹੀਨਾ
ਫਿਰ ਵੀ ਤਨ ਪਿਆ ਤਪਦਾ ਏ,
ਇੱਕ ਵਾਰੀਂ ਉਹ ਦਰਸ ਦਿਖਾਵੇ
ਆਣ ਗਲੀ ਵਿੱਚ ਖੜ੍ਹਦੀ ਹਾਂ,
ਸੁਣ ਬਾਤਾਂ ਉਸ ਰਾਂਝਣ ਦੀਆਂ
ਬੈਠ ਹੁੰਗਾਰਾ ਭਰਦੀ ਹਾਂ,
ਇਸ਼ਕ ਸਮੁੰਦਰ ਪਾਰ ਨ੍ਹੀਂ ਹੁੰਦਾ
ਵਿੱਚ- ਵਿਚਾਲੇ . . .


www.PunjabiLibrary.com

ਰਾਂਝਣ ਮੈਂ ਵਿੱਚ, ਮੈਂ ਰਾਂਝਣ ਵਿੱਚ
ਭੇਦ ਰਿਹਾ ਨਾ ਹੁਣ ਕੋਈ,
ਉਸਦੇ ਸੰਗ, ਇਹ ਸਾਹ ਨੇ ਚੱਲਦੇ
ਉਸ ਬਾਝੋਂ ਫਿਰ ਜਿੰਦ ਮੋਈ,
ਇਸ਼ਕ ਮਹਿਲ ਦੇ ਅੰਦਰ ਬਾਹਰ
ਚੁੱਪ- ਚਪੀਤੇ ਵੜ੍ਹਦੀ ਹਾਂ,
ਸੁਣ ਬਾਤਾਂ ਉਸ ਰਾਂਝਣ ਦੀਆਂ
ਬੈਠ ਹੁੰਗਾਰਾ ਭਰਦੀ ਹਾਂ,
ਇਸ਼ਕ ਸਮੁੰਦਰ ਪਾਰ ਨ੍ਹੀਂ ਹੁੰਦਾ
ਵਿੱਚ- ਵਿਚਾਲੇ . . .

ਨਾਮ ਖੁਦਾ ਦਾ, ਲੈਣ ਤੋਂ ਪਹਿਲਾਂ
ਰਾਂਝਾ ਚੇਤੇ ਆ ਜਾਂਦਾ,
ਅੱਖੀਆਂ ਦੇ ਵਿੱਚ, ਮੁੱਖੜ੍ਹਾ ਉਸਦਾ
ਰੱਬ ਤੋਂ ਪਹਿਲਾਂ, ਛਾ ਜਾਂਦਾ,
ਉਸਦੀ ਦੀਦ ਦੇ ਬਾਝੋਂ ਸਈਓ
ਪਲ- ਪਲ ਰਹਿੰਦੀ ਮਰਦੀ ਹਾਂ,
ਸੁਣ ਬਾਤਾਂ ਉਸ ਰਾਂਝਣ ਦੀਆਂ
ਬੈਠ ਹੁੰਗਾਰਾ ਭਰਦੀ ਹਾਂ,
ਇਸ਼ਕ ਸਮੁੰਦਰ ਪਾਰ ਨ੍ਹੀਂ ਹੁੰਦਾ
ਵਿੱਚ- ਵਿਚਾਲੇ . . .।”

-0-

# ਮਾਂ- ਬੋਲੀ

''ਝੂਠੀਆਂ ਮੀਟਣ ਅੱਖੀਆਂ ਜਿਹੜੇ
ਸੱਚਾ ਲਾਉਂਦੇ ਧਿਆਨ ਕਦੇ ਨਾ,
ਜਿਹੜੇ ਭੁੱਲਦੇ ਮਾਂ-ਬੋਲੀ ਨੂੰ
ਜੱਗ ਵਿਚ ਪਾਉਂਦੇ ਮਾਣ ਕਦੇ ਨਾ।

ਬਾਬੇ ਦੀ ਬਾਣੀ ਨੂੰ ਸੁਣਕੇ
ਅੰਮ੍ਰਿਤ ਦੀ ਬੌਛਾਰ ਹੋਵੇ,
ਹੀਰ ਵਾਰਸ ਤੇ ਸ਼ਿਵ ਦੀ ਲੂਣਾ
ਹੁੰਦੀ ਕਿਵੇਂ ਮਹਾਨ ਕਦੇ ਨਾ,
ਜਿਹੜੇ ਭੁੱਲਦੇ ਮਾਂ-ਬੋਲੀ ਨੂੰ
ਜੱਗ ਵਿਚ ਪਾਉਂਦੇ . . .

ਮਾਂ ਤੋਂ ਬਾਅਦ ਹੈ ਜੱਗ ਤੇ ਬੋਲੀ
ਸਭ ਇਹੋ ਗੱਲ ਕਹਿੰਦੇ ਨੇ,
ਜਿਹੜੇ ਇਸ ਨੂੰ ਸਮਝਣ ਨਾਹੀਂ
ਚੰਗੇ ਉਹ ਇਨਸਾਨ ਕਦੇ ਨਾ,
ਜਿਹੜੇ ਭੁੱਲਦੇ ਮਾਂ-ਬੋਲੀ ਨੂੰ
ਜੱਗ ਵਿਚ ਪਾਉਂਦੇ . . .

ਇਸ ਵਿਚ ਹੱਸ ਕੇ ਬੱਚਾ ਬੋਲੇ
ਆਪਣੀ ਮਿੱਠੀ ਰਸਨਾ ਤੋਂ,
ਤੋਤਲੀਆਂ ਬਾਤਾਂ ਦੀ ਮਿੱਤਰੋ
ਹੁੰਦੀ ਕੋਈ ਜ਼ੁਬਾਨ ਕਦੇ ਨਾ,
ਜਿਹੜੇ ਭੁੱਲਦੇ ਮਾਂ-ਬੋਲੀ ਨੂੰ
ਜੱਗ ਵਿਚ ਪਾਉਂਦੇ . . .


www.PunjabiLibrary.com

ਇਸਦੇ ਬੋਲ ਨੇ ਮਿਸ਼ਰੀ ਘੋਲਣ
ਕੰਨਾਂ ਦੇ ਵਿਚ ਹਰ ਵੇਲੇ,
ਇਸ ਬਾਝੋਂ ਫਿਰ ਮਿਲਦਾ ਮਿੱਤਰੋ
ਕਿਸੇ ਬਾਲ ਨੂੰ ਗਿਆਨ ਕਦੇ ਨਾ,
ਜਿਹੜੇ ਭੁੱਲਦੇ ਮਾਂ-ਬੋਲੀ ਨੂੰ
ਜੱਗ ਵਿਚ ਪਾਉਂਦੇ . . .।"

-0-


www.PunjabiLibrary.com

# ਪਾਖੰਡੀ ਮਨੁੱਖ

"ਉੱਪਰੋਂ ਰਹਿੰਦਾ ਸਾਫ਼ ਬੜਾ ਏ,
ਦਿਲ ਉਹਦੇ ਵਿਚ ਪਾਪ ਬੜਾ ਏ,
ਹਰਦਮ ਚੁਗਲੀ-ਨਿੰਦਿਆ ਸੁਣਦਾ,
ਰਸਨਾ ਤੇ ਪਰ ਜਾਪ ਬੜਾ ਏ।

ਨਿੱਤ ਦਿਨ ਪੂਜਾ-ਪਾਠ ਕਰੇਂਦਾ,
ਅੱਖੀਆਂ 'ਤੋਂ ਪਰ ਮਾੜਾ ਵੇਹੰਦਾ,
ਮੂੰਹ ਤੋਂ ਰੱਬ ਨਾ ਨਾਮ ਧਿਆਉਂਦਾ,
ਦਿਲ ਤੋਂ ਉਹ ਚੁਪ-ਚਾਪ ਬੜਾ ਏ,
ਉੱਪਰੋਂ ਰਹਿੰਦਾ ਸਾਫ਼ ਬੜਾ ਏ,
ਦਿਲ ਉਹਦੇ . . .

ਦਾਨ-ਪੁੰਨ ਉਹ ਰਹਿੰਦਾ ਕਰਦਾ,
ਬਿਨ ਠੱਗੀਆਂ ਤੋਂ ਕੰਮ ਨਾ ਸਰਦਾ,
ਦਿਲ ਦੇ ਵਿਚ ਉਹ ਰਹੇ ਕਲਪਦਾ,
ਚਿਹਰੇ ਤੋਂ ਪਰ ਸਾਫ਼ ਬੜਾ ਏ,
ਉੱਪਰੋਂ ਰਹਿੰਦਾ ਸਾਫ਼ ਬੜਾ ਏ,
ਦਿਲ ਉਹਦੇ . . .

ਅੱਖੀਆਂ ਮੀਚ ਧਿਆਨ ਲਗਾਉਂਦਾ,
ਤੀਰਥਾਂ 'ਤੇ ਉਹ ਫ਼ਿਰੇ ਨਹਾਉਂਦਾ,
ਮਨ ਦੀ ਮੈਲ ਨੂੰ ਲਾਹੁਣੇ ਖ਼ਾਤਰ,
ਤਨ ਨੂੰ ਰੱਖਦਾ ਸਾਫ਼ ਬੜਾ ਏ,
ਉੱਪਰੋਂ ਰਹਿੰਦਾ ਸਾਫ਼ ਬੜਾ ਏ,
ਦਿਲ ਉਹਦੇ . . .।"

-0-


www.PunjabiLibrary.com

# ਇਨਸਾਨ

“ਨਾ ਮਿੱਤਰੋ ਮੈਂ ਕਵੀ ਸ਼ਾਇਰ ਹਾਂ
ਨਾ ਹਾਂ ਮੈਂ ਵਿਦਵਾਨ,
ਨਾ ਮੈਂ ਹਿੰਦੂ, ਸਿੱਖ, ਈਸਾਈ
ਮੈਂ ਤਾਂ ਹਾਂ ਇਨਸਾਨ।

ਨਾ ਮਿੱਤਰੋ ਮੈਂ ਮੁਕਤੀ ਚਾਹੁੰਦਾ
ਨਾ ਚਾਹੁੰਦਾ ਭਗਵਾਨ,
ਨਾ ਮੈਂ ਹਿੰਦੂ, ਸਿੱਖ, ਈਸਾਈ
ਮੈਂ ਤਾਂ ਹਾਂ . . .

ਨਾ ਮਿੱਤਰੋ ਮੈਂ ਅੰਬਰੀਂ ਉੱਡਣਾ
ਨਾ ਛੂਹਣਾ ਅਸਮਾਨ,
ਨਾ ਮੈਂ ਹਿੰਦੂ, ਸਿੱਖ, ਈਸਾਈ
ਮੈਂ ਤਾਂ ਹਾਂ . . .

ਨਾ ਮਿੱਤਰੋ ਮੈਂ ਗਿਆਨਵਾਨ ਹਾਂ
ਨਾ ਹੀ ਬਣਾਂ ਮਹਾਨ,
ਨਾ ਮੈਂ ਹਿੰਦੂ, ਸਿੱਖ, ਈਸਾਈ
ਮੈਂ ਤਾਂ ਹਾਂ . . .

ਨਾ ਮਿੱਤਰੋ ਮੈਂ ਧਰਮ ਦਾ ਗਿਆਤਾ
ਨਾ ਬਹੁਤਾ ਅਣਜਾਨ,
ਨਾ ਮੈਂ ਹਿੰਦੂ, ਸਿੱਖ, ਈਸਾਈ
ਮੈਂ ਤਾਂ ਹਾਂ . . .

ਨਾ ਮਿੱਤਰੋ ਮੈਂ ਬਹੁਤਾ ਬੋਲਾਂ
ਨਾ ਹੀ ਲਾਵਾਂ ਧਿਆਨ,
ਨਾ ਮੈਂ ਹਿੰਦੂ, ਸਿੱਖ, ਈਸਾਈ
ਮੈਂ ਤਾਂ ਹਾਂ . . .


www.PunjabiLibrary.com

ਨਾ ਮਿੱਤਰੋ ਮੈਂ ਪਾਕ-ਪਵਿੱਤਰ
ਨਾ ਬਹੁਤਾ ਸ਼ੈਤਾਨ,
ਨਾ ਮੈਂ ਹਿੰਦੂ, ਸਿੱਖ, ਈਸਾਈ
ਮੈਂ ਤਾਂ ਹਾਂ . . .

ਨਾ ਮਿੱਤਰੋ ਮੈਂ ਰਾਗੀ ਢਾਡੀ
ਨਾ ਮੈਨੂੰ ਸੁਰ-ਗਿਆਨ
ਨਾ ਮੈਂ ਹਿੰਦੂ, ਸਿੱਖ, ਈਸਾਈ
ਮੈਂ ਤਾਂ ਹਾਂ . . .।"

-0-


www.PunjabiLibrary.com

# ਹਾਣੀ

"ਤੇਰੇ ਬਾਝੋਂ ਜੀਵਨ ਸੁੰਨਾ
ਸਿਰ ਮੇਰੇ ਦਿਆ ਸਾਈਆਂ,
ਵਿਚ ਵਿਛੋੜੇ ਮੁਕਦੀ ਜਾਵਾਂ
ਪਾਵਾਂ ਹਾਲ-ਦੁਹਾਈਆਂ,
ਇਕ ਵਾਰੀਂ ਤੂੰ ਦਰਸ ਦਿਖਾ ਜਾ
ਮਰ ਜੂ ਜਿੰਦ ਨਿਮਾਣੀ,
ਤੂੰ ਹੀਂ ਮੇਰੇ ਸਿਰ ਦਾ ਸਾਈਂ
ਤੂੰ ਹੀਂ ਮੇਰਾ ਹਾਣੀ।

ਤੇਰੇ ਬਾਝੋਂ ਲੱਗਦਾ ਨਾਹੀਂ
ਦਿਲ ਮਰਜਾਣਾ ਕਿੱਧਰੇ,
ਹਰ ਪਾਸੇ ਬੱਸ ਦਿੱਸਦਾ ਤੂੰ ਹੀਂ
ਨਜ਼ਰ ਜਾਂਦੀ ਹੈ ਜਿੱਧਰੇ,
ਬਿਰਹਾ ਦੇ ਵਿਚ ਹੋਈ ਬਾਵਰੀ
ਭੁੱਲ ਗਈ ਰੋਟੀ-ਪਾਣੀ,
ਤੂੰ ਹੀਂ ਮੇਰੇ ਸਿਰ ਦਾ ਸਾਈਂ
ਤੂੰ ਹੀਂ ਮੇਰਾ . . .

ਤੇਰੀ ਸੂਰਤ ਦਿਲ ਵਿਚ ਵੱਸਦੀ
ਤੁਝ ਬਾਝੋਂ ਨਾ ਸਰਦਾ,
ਉੱਪਰੋਂ ਚਿਹਰਾ ਹੱਸਦਾ ਏ ਪਰ
ਦਿਲ ਰਹਿੰਦਾ ਹੈ ਮਰਦਾ,
ਵਾਂਗ ਦਾਸੀਆਂ ਹੋ ਗਈ ਸਾਈਆਂ
ਦਿਲ ਤੇਰੇ ਦੀ ਰਾਣੀ,
ਤੂੰ ਹੀਂ ਮੇਰੇ ਸਿਰ ਦਾ ਸਾਈਂ
ਤੂੰ ਹੀਂ ਮੇਰਾ . . .


www.PunjabiLibrary.com

ਕੰਚਨ ਦੇਹੀ ਫ਼ਿਕਰਾਂ ਦੇ ਵਿਚ
ਹੋਈ ਵਾਂਗ ਜਿਉਂ ਲਾਸ਼ਾਂ,
ਦਿਲ ਵਿਚ ਅੱਜ ਵੀ ਜਾਗਦੀਆਂ ਨੇ
ਤੈਨੂੰ ਪਾਉਣ ਦੀਆਂ ਆਸਾਂ,
ਇਸ਼ਕ ਜੀਵੇ ਮੈਂ ਮਰਜਾਂ ਭਾਵੇਂ
ਲੋਕ ਕਹਿਣ ਮਰਜਾਣੀ,
ਤੂੰ ਹੀ ਮੇਰੇ ਸਿਰ ਦਾ ਸਾਈਂ
ਤੂੰ ਹੀ ਮੇਰਾ . . .।"

-0-


www.PunjabiLibrary.com

# ਕੰਨਿਆ-ਪੂਜਨ

"ਕੰਨਿਆ ਨੂੰ ਕੂੜੇ ਵਿਚ ਸੁੱਟਕੇ
ਕੰਨਿਆ-ਪੂਜਨ ਕਰਦੇ ਲੋਕ,
ਪੈਸਾ ਐਸੀ ਖੇਡ ਵਰਤਾਉਂਦਾ
ਇਸ ਪਿੱਛੇ ਲੜ ਮਰਦੇ ਲੋਕ।

ਕੁੱਖ ਵਿਚ ਕਤਲ ਕਰਾ ਦਿੰਦੇ ਨੇ
ਜ਼ਾਲਮ ਬਣੇ ਨੇ ਘਰ ਦੇ ਲੋਕ,
ਪੁੱਤਰ ਹੋਣ ਜਿਉਂ ਜਿੱਤੀ ਬਾਜ਼ੀ
ਆਖ਼ਰ ਧੀਆਂ ਹਰਦੇ ਲੋਕ,
ਕੰਨਿਆ ਨੂੰ ਕੂੜੇ ਵਿਚ ਸੁੱਟਕੇ
ਕੰਨਿਆ-ਪੂਜਨ . . .

ਪੱਗੜੀ ਨੂੰ ਫਿਰ ਦਾਗ਼ ਨਾ ਲੱਗ ਜੇ
ਐਸੀ ਚਾਲ ਨੇ ਘੜ੍ਹਦੇ ਲੋਕ,
ਉੱਪਰੋਂ ਕਹਿਣ ਇਹ ਧੀ-ਧਿਆਣੀ
ਆਖ਼ਰ ਕਿਉਂ ਨੇ ਸੜਦੇ ਲੋਕ?
ਕੰਨਿਆ ਨੂੰ ਕੂੜੇ ਵਿਚ ਸੁੱਟਕੇ
ਕੰਨਿਆ-ਪੂਜਨ . . .

ਮੈਲੀ ਅੱਖ ਨਾਲ ਤੱਕਦੇ ਉਹੀ
ਭਾਸ਼ਣ ਜਿਹੜੇ ਕਰਦੇ ਲੋਕ,
ਧੀਆਂ ਜੇਕਰ ਅੰਬਰ ਛੂਹਣ
ਆਖ਼ਰ ਕਿਉਂ ਨੇ ਸੜਦੇ ਲੋਕ?
ਕੰਨਿਆ ਨੂੰ ਕੂੜੇ ਵਿਚ ਸੁੱਟਕੇ
ਕੰਨਿਆ-ਪੂਜਨ . . .।"

-0-

# ਬਹਾਦਰ ਸੂਰਾ

"ਦੇਸ਼ ਦੀ ਖ਼ਾਤਰ ਲੜ ਗਿਆ ਸੂਰਾ,
ਜਾਨ ਨਿਛਾਵਰ ਕਰ ਗਿਆ ਸੂਰਾ,
ਵਿਚ ਪਹਾੜਾਂ, ਬਰਫ਼ ਦੇ ਹੇਠਾਂ,
ਲਾੜ੍ਹੀ ਮੌਤ ਨੂੰ ਵਰ ਗਿਆ ਸੂਰਾ।

ਮੌਤ ਨੂੰ ਗਲ੍ਹ ਨਾਲ ਲਾ ਕੇ ਉਹ ਤਾਂ,
ਨਵੀਂ ਕਹਾਣੀ ਘੜ੍ਹ ਗਿਆ ਸੂਰਾ,
ਦੇਸ਼ ਦੀ ਖ਼ਾਤਰ ਲੜ ਗਿਆ ਸੂਰਾ,
ਜਾਨ ਨਿਛਾਵਰ . . .

ਬਰਫ਼ਾਂ ਦੇ ਵਿਚ, ਜੰਗਲਾਂ ਦੇ ਵਿਚ,
ਜਿੱਥੇ ਅੜ ਗਿਆ, ਅੜ ਗਿਆ ਸੂਰਾ,
ਦੇਸ਼ ਦੀ ਖ਼ਾਤਰ ਲੜ ਗਿਆ ਸੂਰਾ,
ਜਾਨ ਨਿਛਾਵਰ . . .

ਛਾਤੀ ਦੇ ਵਿਚ ਗੋਲੀ ਖਾਧੀ,
ਹਿੱਕ ਤਾਣ ਕੇ ਖੜ੍ਹ ਗਿਆ ਸੂਰਾ,
ਦੇਸ਼ ਦੀ ਖ਼ਾਤਰ ਲੜ ਗਿਆ ਸੂਰਾ,
ਜਾਨ ਨਿਛਾਵਰ . . .

ਤਲੀ ਤੇ ਸਿਰ ਨੂੰ ਰੱਖ ਕੇ 'ਨਿਸ਼ਾਨਾ',
ਮੁਕੱਦਰ ਦੇਸ਼ ਦਾ ਘੜ੍ਹ ਗਿਆ ਸੂਰਾ,
ਦੇਸ਼ ਦੀ ਖ਼ਾਤਰ ਲੜ ਗਿਆ ਸੂਰਾ,
ਜਾਨ ਨਿਛਾਵਰ . . .।"

–0–


www.PunjabiLibrary.com

# ਜ਼ਰੂਰੀ ਨਹੀਂ ਹੁੰਦਾ

‘‘ਪਿਆਰ ਦੇ ਬਦਲੇ ਪਿਆਰ ਮਿਲੇ
ਜ਼ਰੂਰੀ ਨਹੀਂ ਹੁੰਦਾ,
ਹਰ ਹੱਥ ਨੂੰ ਰੁਜ਼ਗਾਰ ਮਿਲੇ
ਜ਼ਰੂਰੀ ਨਹੀਂ ਹੁੰਦਾ।

ਵੱਡੇ ਲੋਕ ਵੀ ਕਰ ਜਾਂਦੇ
ਅੱਤ ਨੀਵਾਂ ਕਰਮ ਕਦੇ,
ਹਰ ਕੰਮ ਨੂੰ ਸਤਿਕਾਰ ਮਿਲੇ
ਜ਼ਰੂਰੀ ਨਹੀਂ ਹੁੰਦਾ।

ਪੜ੍ਹ- ਲਿਖ ਉੱਚਾ ਔਹਦਾ ਮਿਲ ਜੇ
ਕਰਮਾਂ ਦੀ ਗੱਲ ਹੈ,
ਸੱਚੀ ਹਰ ਸਰਕਾਰ ਮਿਲੇ
ਜ਼ਰੂਰੀ ਨਹੀਂ ਹੁੰਦਾ।

ਲਾਡ- ਪਿਆਰ ਦੇ ਨਾਲ ਪਲੀ ਜੋ
ਧੀ ਬਿਗਾਨੀ ਹੋ ਜਾਂਦੀ,
ਸਹੁਰੇ ਘਰ ਸਤਿਕਾਰ ਮਿਲੇ
ਜ਼ਰੂਰੀ ਨਹੀਂ ਹੁੰਦਾ।

ਕਰਜ਼ੇ ਹੇਠ ਜੋ ਜੱਟ ਸੀ ਮਰਿਆ
ਖ਼ਬਰੇ ਧੀ ਵਿਆਹੀ ਹੋਊ?
ਚੰਗਾ ਘਰ ਤੇ ਬਾਰ ਮਿਲੇ
ਜ਼ਰੂਰੀ ਨਹੀਂ ਹੁੰਦਾ।

ਵਿਚ ਹਲੀਮੀ, ਮਿੱਠਾ ਬੋਲਣ
ਕਰਦੇ ਹਰਦਮ ਚੰਗਿਆਈਆਂ,


www.PunjabiLibrary.com

ਨਫ਼ਰਤ ਦੀ ਥਾਂ ਪਿਆਰ ਮਿਲੇ
ਜ਼ਰੂਰੀ ਨਹੀਂ ਹੁੰਦਾ।

ਜਿਨ੍ਹਾਂ ਦੀ ਖ਼ਾਤਰ ਸੂਲੀ ਚੜ੍ਹ ਗਏ
ਭੁੱਲ ਗਏ ਲੋਕ ਕੁਰਬਾਨੀ ਨੂੰ,
ਸ਼ਹੀਦਾਂ ਨੂੰ ਸਤਿਕਾਰ ਮਿਲੇ
ਜ਼ਰੂਰੀ ਨਹੀਂ ਹੁੰਦਾ।

ਕੱਲੇ ਰੁੱਖਾਂ ਵਾਂਗੂ ਜਿਹੜੇ
ਹਰਦਮ ਤਣੇ ਰਹੇ ਸੀ ਜੋ,
ਜ਼ਿੰਦਗੀ ਵਿੱਚ ਬਹਾਰ ਮਿਲੇ
ਜ਼ਰੂਰੀ ਨਹੀਂ ਹੁੰਦਾ।"

-0-


www.PunjabiLibrary.com

# ਸੱਚ ਦਾ ਦੀਪਕ

"ਹਰ ਪਾਸੇ ਬੱਸ ਝੂਠ ਅੰਧੇਰ ਹੈ
ਸੱਚ ਦਾ ਦੀਪਕ ਜਗੇ ਕਦੇ ਤਾਂ,
ਜ਼ੁਲਮ ਦੇ ਮੂਹਰੇ ਹਰ ਕੋਈ ਝੁੱਕਦਾ
ਸੂਰਾ ਅੱਗੇ ਵਧੇ ਕਦੇ ਤਾਂ।

ਨਫ਼ਰਤ ਦੀ ਇਸ ਦੁਨੀਆਂ ਅੰਦਰ
ਹਰ ਥਾਂ ਜੁਲਮ ਹੈ ਵਰਤ ਰਿਹਾ,
ਪਿਆਰਾਂ ਵਾਲੀ ਮਹਫ਼ਿਲ ਮਿੱਤਰੋ
ਦਿਲ ਦੇ ਅੰਦਰ ਸਜੇ ਕਦੇ ਤਾਂ,
ਹਰ ਪਾਸੇ ਬੱਸ ਝੂਠ ਅੰਧੇਰ ਹੈ
ਸੱਚ ਦਾ ਦੀਪਕ . . .

ਔਰਤ ਨੂੰ ਉਹ ਜੁੱਤੀ ਆਖ਼ਣ
ਨਰਕ ਦੀ ਭਾਗੀਦਾਰ ਹੈ ਉਹ,
ਜੁਲਮ ਦੇ ਮੂਹਰੇ ਔਰਤ ਮਿੱਤਰੋ
ਆਪਣੇ ਹੱਕ ਲਈ ਵਧੇ ਕਦੇ ਤਾਂ,
ਹਰ ਪਾਸੇ ਬੱਸ ਝੂਠ ਅੰਧੇਰ ਹੈ
ਸੱਚ ਦਾ ਦੀਪਕ . . .

ਨੰਨ੍ਹੇ ਹੱਥਾਂ ਵਿੱਚ ਜਿਹੜੇ
ਜ਼ਹਿਰ ਪਿਆਲਾ ਦੇ ਦੇਵਣ,
ਓਸ ਘੜੇ ਦੇ ਵਿਚੋਂ ਮਿੱਤਰੋ
ਅੰਮ੍ਰਿਤਧਾਰਾ ਵਗੇ ਕਦੇ ਤਾਂ,
ਹਰ ਪਾਸੇ ਬੱਸ ਝੂਠ ਅੰਧੇਰ ਹੈ
ਸੱਚ ਦਾ ਦੀਪਕ . . .।"

–0–


www.PunjabiLibrary.com

# ਸੂਰਬੀਰ ਯੋਧੇ

"ਪਾਣੀ ਵਿੱਚ ਜੋ ਕਦਮ ਨੇ ਧਰਦੇ
ਬੰਦੇ ਉਹੀ ਤਰਦੇ ਨੇ,
ਸੂਰਬੀਰ, ਬਲਵਾਨ ਜੋ ਹੁੰਦੇ
ਦੇਸ਼, ਕੌਮ ਲਈ ਮਰਦੇ ਨੇ।

ਹੱਡ ਭੰਨ ਜੋ ਮਿਹਨਤ ਕਰਦੇ
ਅੰਬਰੀਂ ਹੱਥ ਉਹ ਲਾ ਛੱਡਦੇ,
ਵਿਹਲੇ ਰਹਿ ਜੋ ਸਮਾਂ ਗਵਾਵਣ
ਆਖ਼ਰ ਹੱਥ ਉਹ ਮਲ੍ਹਦੇ ਨੇ,
ਪਾਣੀ ਵਿੱਚ ਜੋ ਕਦਮ ਨੇ ਧਰਦੇ
ਬੰਦੇ ਉਹੀ . . .

ਮਾਂ ਸ਼ੇਰਨੀ ਦਾ ਦੁੱਧ ਪੀਤਾ
ਕਦਮ ਪਿੱਛੇ ਇੱਕ ਰੱਖਦੇ ਨਾ,
ਦੁਸ਼ਮਣ ਦੇ ਸੰਗ ਫ਼ੇਰ ਉਹ ਮਿੱਤਰੋ
ਆਖ਼ਰ ਦਮ ਤੱਕ ਲੜਦੇ ਨੇ,
ਪਾਣੀ ਵਿੱਚ ਜੋ ਕਦਮ ਨੇ ਧਰਦੇ
ਬੰਦੇ ਉਹੀ . . .

ਮਨ ਨੂੰ ਨੀਵਾਂ, ਮੱਤ ਨੂੰ ਉੱਚਾ
ਹਰਦਮ ਕਰਕੇ ਰੱਖਦੇ ਜੋ,
ਵਿੱਚ ਜੀਵਨ ਦੇ ਉਹੀ ਬੰਦੇ
ਸਫ਼ਲ ਪੌੜੀਆਂ ਚੜ੍ਹਦੇ ਨੇ,
ਪਾਣੀ ਵਿੱਚ ਜੋ ਕਦਮ ਨੇ ਧਰਦੇ
ਬੰਦੇ ਉਹੀ . . .।"

–0–


www.PunjabiLibrary.com

# ਭਗਤ ਸਿੰਘ ਨੂੰ ਪੁਕਾਰ

"ਇੱਕ ਵਾਰੀਂ ਤੂੰ ਫ਼ੇਰ ਭਗਤ ਸਿਆਂ
ਮੁੜ ਕੇ ਫ਼ੇਰਾ ਪਾ ਜਾਵੀਂ,
ਦੇਸ਼ ਦੀ ਖ਼ਾਤਰ ਕਿੰਝ ਹੈ ਮਰਨਾ?
ਸਭ ਨੂੰ ਜਾਚ ਸਿਖਾ ਜਾਵੀਂ।

ਹਰ ਕੋਈ ਲੀਡਰ ਬਣਿਆ ਇੱਥੇ
ਮੁਲਕ ਨੂੰ ਵੇਚੀ ਜਾਂਦਾ ਏ,
ਚੰਗਾ ਬੰਦਾ ਚੁੱਪ ਕਰ ਬੈਠਾ
ਮੰਦਾ ਸ਼ੋਰ ਮਚਾਂਦਾ ਏ,
ਚੰਗੇ ਮੰਦੇ ਸਭ ਨੂੰ ਏਥੇ
ਰਸਤਾ ਆਣ ਦਿਖਾ ਜਾਵੀਂ,
ਇੱਕ ਵਾਰੀਂ ਤੂੰ ਫ਼ੇਰ ਭਗਤ ਸਿਆਂ
ਮੁੜ ਕੇ ਫ਼ੇਰਾ ਪਾ . . .

ਕਦਰ ਬੰਦੇ ਦੀ ਮੁਕਦੀ ਜਾਵੇ
ਕੌਡੀ ਬਦਲੇ ਮਰਦੇ ਨੇ,
ਚੰਗੇ ਜਿਹੜੇ ਮੰਨਦੇ ਖੁਦ ਨੂੰ
ਮੰਦੇ ਕਰਮ ਉਹ ਕਰਦੇ ਨੇ,
ਉਹਨਾਂ ਦਿਲਾਂ ਵਿੱਚ ਚੰਗੇ ਕੰਮ ਲਈ
ਰਤਾ ਡਰਾਵਾ ਪਾ ਜਾਵੀਂ,
ਇੱਕ ਵਾਰੀਂ ਤੂੰ ਫ਼ੇਰ ਭਗਤ ਸਿਆਂ
ਮੁੜ ਕੇ ਫ਼ੇਰਾ ਪਾ . . .

ਨਸ਼ਿਆਂ ਦੇ ਵਿਚ ਰੁਲੀ ਜਵਾਨੀ
ਹਰ ਕੋਈ ਭਾਸ਼ਣ ਕਰਦਾ ਏ,
ਏਸ ਕਾਰੇ ਨੂੰ ਠੱਲ੍ਹ ਨਾ ਪੈਂਦੀ
ਯਤਨ ਬੜੇ ਉਂਝ ਕਰਦਾ ਏ,
ਏਸ ਮੁਲਕ ਦੇ 'ਭਗਤ ਸਿੰਘਾਂ' ਨੂੰ
ਸਿੱਧੇ ਰਸਤੇ ਪਾ ਜਾਵੀਂ,
ਇੱਕ ਵਾਰੀਂ ਤੂੰ ਫ਼ੇਰ ਭਗਤ ਸਿਆਂ
ਮੁੜ ਕੇ ਫ਼ੇਰਾ ਪਾ . . .।"

–0–

# ਧਰਤੀ ਪੰਜਾਬ ਦੀ

"ਮਾਂਵਾਂ ਦੇ ਇੱਥੇ ਪੁੱਤ ਲਾਡਲੇ
ਨਸ਼ਿਆਂ ਕਰਕੇ ਮਰਦੇ ਨੇ,
ਸਿਰ ਤੇ ਕਰਜ਼ਾ ਚੜ੍ਹ ਜਾਂਦਾ ਏ
ਫ਼ਿਰ ਖੁਦਕੁਸ਼ੀਆਂ ਕਰਦੇ ਨੇ,
ਜਿਸ ਧਰਤੀ ਨੇ ਦੇਸ਼ ਪਾਲਿਆ
ਨਸ਼ੇ ਦੇ ਹੜ੍ਹ ਵਿੱਚ ਹੜ੍ਹਦੀ ਏ,
ਪੰਜ ਆਬਾਂ ਦੀ ਧਰਤੀ ਮਿੱਤਰੋ
ਨਿੱਤ- ਦਿਨ ਹਉਕੇ ਭਰਦੀ ਏ।

ਪੜ੍ਹ-ਲਿਖ ਕੰਮ ਕੋਈ ਮਿਲਦਾ ਹੈ ਨ੍ਹੀਂ
ਬੇਰੁਜ਼ਗਾਰੀ ਅੱਤ ਦੀ ਏ,
ਪੁੱਤ ਜੰਮਣ ਤੇ ਖੁਸ਼ੀ ਨ੍ਹੀਂ ਕਰਦੇ
ਖੇਤੀ ਆਖਣ ਘੱਟਦੀ ਏ,
ਗੁਰੂਆਂ- ਪੀਰਾਂ ਦੀ ਇਹ ਧਰਤੀ
ਦੋ- ਹਿੱਸਿਆਂ ਵਿਚ ਕਰਤੀ ਏ,
ਜਿਸ ਧਰਤੀ ਨੇ ਦੇਸ਼ ਪਾਲਿਆ
ਨਸ਼ੇ ਦੇ ਹੜ੍ਹ ਵਿਚ . . .

ਧੀਆਂ ਦੀ ਇੱਥੇ ਕਦਰ ਨਾ ਹੁੰਦੀ
ਧਰਤੀ ਪੰਜ ਦਰਿਆਵਾਂ ਦੀ,
ਆਪੋ- ਆਪਣੀ ਮਰਜ਼ੀ ਚੱਲਦੀ
ਕੋਈ ਨ੍ਹੀਂ ਸੁਣਦਾ ਮਾਂਵਾਂ ਦੀ,
ਪੁੱਤ ਨਸ਼ੇ ਵਿਚ ਗੱਭਰੂ ਮਰਦਾ
ਅੰਮੜੀ ਪਹਿਲਾਂ ਮਰਦੀ ਏ,
ਜਿਸ ਧਰਤੀ ਨੇ ਦੇਸ਼ ਪਾਲਿਆ
ਨਸ਼ੇ ਦੇ ਹੜ੍ਹ ਵਿਚ . . .


www.PunjabiLibrary.com

ਬਾਬੇ ਧਰਮ ਨੂੰ ਵੇਚ ਰਹੇ ਨੇ
ਘਰ ਆਪਣੇ ਇਹ ਭਰਦੇ ਨੇ,
ਇਹਨਾਂ ਨੂੰ ਕੋਈ ਫ਼ਰਕ ਨ੍ਹੀਂ ਪੈਂਦਾ
ਪੁੱਤ ਬਿਗਾਨੇ ਮਰਦੇ ਨੇ,
ਉੱਪਰੋਂ ਹੰਝੂ ਕੇਰਨ ਇਹ ਤਾਂ
ਲਾਸ਼ ਜਦੋਂ ਕੋਈ ਸੜਦੀ ਏ,
ਜਿਸ ਧਰਤੀ ਨੇ ਦੇਸ਼ ਪਾਲਿਆ
ਨਸ਼ੇ ਦੇ ਹੜ੍ਹ ਵਿਚ . . .

ਧਰਤੀ ਮਾਂ ਨੂੰ ਛੱਡ ਕੇ ਜਦ ਕੋਈ
ਵਿਚ ਵਿਦੇਸ਼ਾਂ ਜਾਂਦਾ ਏ,
ਕਰਜ਼ੇ ਸਾਰੇ ਲਾਹ ਸੁੱਟਣੇ ਨੇ
ਮਨ ਆਪਣਾ ਸਮਝਾਉਂਦਾ ਏ,
ਮਜ਼ਬੂਰੀ ਦੇ ਭਾਰ ਹੇਠਾਂ ਫ਼ਿਰ
ਰੀਝ ਦਿਲਾਂ ਵਿੱਚ ਮਰਦੀ ਏ,
ਜਿਸ ਧਰਤੀ ਨੇ ਦੇਸ਼ ਪਾਲਿਆ
ਨਸ਼ੇ ਦੇ ਹੜ੍ਹ ਵਿਚ . . .।"
-0-


www.PunjabiLibrary.com

# ਚੰਗਾ ਨਹੀਂ ਹੁੰਦਾ

''ਹਰ ਵੇਲੇ ਬੱਸ ਝੂਠ ਬੋਲਣਾ
ਚੰਗਾ ਨਹੀਂ ਹੁੰਦਾ,
ਗਈ ਰਾਤ ਨੂੰ ਬੂਹਾ ਖੋਲਣਾ
ਚੰਗਾ ਨਹੀਂ ਹੁੰਦਾ।

ਇੱਥੇ ਲੇਖਾ ਹੋ ਜਾਣਾ
ਕਿਉਂ ਡਰਦਾ ਏਂ ਮਿੱਤਰਾ?
ਤੱਕੜੀ ਫੜ ਕੇ ਘੱਟ ਤੋਲਣਾ
ਚੰਗਾ ਨਹੀਂ ਹੁੰਦਾ।
ਹਰ ਵੇਲੇ ਬੱਸ ਝੂਠ ਬੋਲਣਾ
ਚੰਗਾ ਨਹੀਂ. . .

ਵਿਚ ਗ਼ਰੀਬੀ ਹਰ ਕੋਈ
ਮਾਇਆ ਚਾਹੁੰਦਾ ਹੈ ਯਾਰੋ,
ਲਾਲਚ ਦੇ ਵੱਸ ਕੁਫ਼ਰ ਤੋਲਣਾ
ਚੰਗਾ ਨਹੀਂ ਹੁੰਦਾ।
ਹਰ ਵੇਲੇ ਬੱਸ ਝੂਠ ਬੋਲਣਾ
ਚੰਗਾ ਨਹੀਂ. . .

ਸੱਚ ਦੀ ਖ਼ਾਤਰ ਫ਼ਾਂਸੀ ਚੜ੍ਹ ਗਏ
ਬਹੁਤੇ ਨਾਂ ਵੀ ਚੇਤੇ ਨਹੀਂ,
ਝੂਠ ਦੀ ਖ਼ਾਤਰ ਸੱਚ ਬੋਲਣਾ
ਚੰਗਾ ਨਹੀਂ ਹੁੰਦਾ।
ਹਰ ਵੇਲੇ ਬੱਸ ਝੂਠ ਬੋਲਣਾ
ਚੰਗਾ ਨਹੀਂ. . .


www.PunjabiLibrary.com

ਪਰਦੇ ਕਰਕੇ ਵੱਸਦੇ ਅੱਜਕਲ੍ਹ
ਬਹੁਤੇ ਘਰ ਨੇ ਸੱਜਣਾਂ ਓਏ,
ਬਰਬਾਦੀ ਲਈ ਰਾਜ਼ ਖੋਲਣਾ
ਚੰਗਾ ਨਹੀਂ ਹੁੰਦਾ।
ਹਰ ਵੇਲੇ ਬੱਸ ਝੂਠ ਬੋਲਣਾ
ਚੰਗਾ ਨਹੀਂ. . .

ਉੱਚੀ ਪਗੜੀ ਬੰਨ੍ਹ ਕੇ
ਇੱਜ਼ਤ ਚਾਹੁਨਾ ਏਂ ਸੱਜਣਾਂ,
ਪੈਰਾਂ ਦੇ ਵਿਚ ਪੱਗ ਰੋਲਣਾ
ਚੰਗਾ ਨਹੀਂ ਹੁੰਦਾ।
ਹਰ ਵੇਲੇ ਬੱਸ ਝੂਠ ਬੋਲਣਾ
ਚੰਗਾ ਨਹੀਂ. . .।"

-0-


www.PunjabiLibrary.com

# ਬੰਦਾ

"ਇਹ ਸੰਸਾਰ ਹੈ ਵਾਂਗੂ ਸੁਪਨਾ,
ਸੁਪਨੇ ਸੁੱਖ ਨਾ ਮਿਲਦਾ,
ਬੰਦਾ ਮੇਰੀ ਮੇਰੀ ਕਰਦਾ,
ਆਖ਼ਰ ਮਿੱਟੀ ਮਿਲਦਾ।

ਧੀਆਂ-ਪੁੱਤਾਂ ਖ਼ਾਤਰ ਲੜਦਾ,
ਆਪਣੇ ਸੱਕਿਆਂ- ਸੰਗੀਆਂ,
ਰਹਿਣ ਵੱਸਦੇ ਮੇਰੇ ਬੱਚੜੇ,
ਨਿੱਤ ਦੁਆਵਾਂ ਮੰਗੀਆਂ,
ਅੰਤ ਵੇਲੇ ਉਸ ਬਾਪੂ ਤਾਈਂ,
ਪਾਣੀ ਵੀ ਨ੍ਹੀਂ ਮਿਲਦਾ,
ਬੰਦਾ ਮੇਰੀ ਮੇਰੀ ਕਰਦਾ,
ਆਖ਼ਰ . . .

ਪੂਰੀ ਜ਼ਿੰਦਗੀ ਠੱਗੀ ਕਰਕੇ,
ਰਹਿਆ ਖ਼ਜ਼ਾਨੇ ਭਰਦਾ,
ਮਾਂ-ਪਿਓ ਸਤਿਕਾਰ ਨਾ ਕੀਤਾ,
ਬੱਦਲ ਵਾਂਗ ਸੀ ਵਰ੍ਹਦਾ,
ਉਹ ਵੇਲਾ ਹੁਣ ਹੱਥ ਨਾ ਆਵੇ,
ਭਾਗਾਂ ਨਾਲ ਜੋ ਮਿਲਦਾ,
ਬੰਦਾ ਮੇਰੀ ਮੇਰੀ ਕਰਦਾ,
ਆਖ਼ਰ . . .

ਚੇਤੇ ਰੱਬ ਨੂੰ ਉੱਪਰੋਂ ਕਰਦਾ
ਦਿਲ ਤੋਂ ਠੱਗੀਆਂ ਕਰੀਆਂ,
ਅੰਤ ਸਮੇਂ ਤੇ ਅੱਖੀਆਂ ਵਿਚੋਂ
ਲੱਗੀਆਂ ਫੇਰ ਨੇ ਝੜੀਆਂ,
ਆਕੜ ਵਿਚ ਜੋ ਝੁੱਕਦਾ ਨਾਹੀਂ,
ਜੜ ਤੋਂ ਬੂਟਾ ਹਿੱਲਦਾ,
ਬੰਦਾ ਮੇਰੀ ਮੇਰੀ ਕਰਦਾ,
ਆਖ਼ਰ . . .।"

-0-


www.PunjabiLibrary.com

# ਫ਼ੌਜੀ ਵੀਰ

"ਵਿੱਚ ਪਹਾੜਾਂ ਰਹਿਣ ਜੋ ਵੱਸਦੇ
ਫ਼ੌਜੀ ਮੇਰੇ ਵੀਰੇ
ਇਹ ਹਨ ਅਣਮੋਲ-ਅਮੁੱਲੇ
ਦੇਸ਼ ਮੇਰੇ ਦੇ ਹੀਰੇ।

ਇਹਨਾਂ ਕਰਕੇ ਸੌਂਦੇ ਨੇ ਸਭ
ਆਪਣੇ ਘਰਾਂ 'ਚ ਵੜਕੇ,
ਦੇਸ਼ ਦੀ ਰੱਖਿਆ ਕਰਦੇ ਨੇ ਜੋ
ਦੁਸ਼ਮਣ ਦੇ ਨਾਲ ਲੜ ਕੇ,
ਦੇਸ਼ ਮੇਰੇ ਦੀ ਹਿੱਕ ਨੂੰ ਮਿੱਤਰੋ
ਦੁਸ਼ਮਣ ਨਾ ਕੋਈ ਚੀਰੇ,
ਵਿੱਚ ਪਹਾੜਾਂ ਰਹਿਣ ਜੋ ਵੱਸਦੇ
ਫ਼ੌਜੀ ਮੇਰੇ . . .

ਸਾਡੇ ਲਈ ਇਹ ਜਾਨਾਂ ਵਾਰਨ
ਸਾਡੇ ਲਈ ਇਹ ਮਰਦੇ,
ਅਸੀਂ ਇਹਨਾਂ ਦੀ ਕਦਰ ਨਾ ਕੀਤੀ
ਰਹੇ ਮਖ਼ੌਲਾਂ ਕਰਦੇ,
ਇਹਨਾਂ ਜੇਕਰ ਬਾਰਡਰ ਛੱਡ 'ਤਾ
ਰਹਿਣੇ ਨ੍ਹੀਂ ਸਾਡੇ ਲੀੜੇ
ਵਿੱਚ ਪਹਾੜਾਂ ਰਹਿਣ ਜੋ ਵੱਸਦੇ
ਫ਼ੌਜੀ ਮੇਰੇ . . .

ਇਹਨਾਂ ਦਾ ਸਤਿਕਾਰ ਹੈ ਕਰਨਾ
ਅੱਜ ਤੋਂ ਕਸਮਾਂ ਖਾਈਏ,
ਦੇਸ਼ ਲਈ ਜੋ ਮਰਦੇ ਫ਼ੌਜੀ
ਮੁੱਲ ਫਿਰ ਉਸਦਾ ਪਾਈਏ,


www.PunjabiLibrary.com

ਲਾੜ੍ਹੀ ਮੌਤ ਵਿਆਹੁਣ ਖ਼ਾਤਰ
ਬੰਨ੍ਹ ਲਏ ਸੋਹਣੇ ਚੀਰੇ,
ਵਿੱਚ ਪਹਾੜਾਂ ਰਹਿਣ ਜੋ ਵੱਸਦੇ
ਫ਼ੌਜੀ ਮੇਰੇ . . .।"

-0-

# ਉਹ ਬੰਦਾ ਰਾਜਨੇਤਾ ਹੈ

"ਉਜਾੜੇ ਤੇ ਜੋ ਹੱਸ ਰਿਹਾ
ਉਹ ਬੰਦਾ ਰਾਜਨੇਤਾ ਹੈ,
ਬਾਤਾਂ ਝੂਠ ਦੱਸ ਰਿਹਾ
ਉਹ ਬੰਦਾ ਰਾਜਨੇਤਾ ਹੈ।

ਉਹ ਬੱਸ ਵੋਟ ਚਾਹੁੰਦਾ ਹੈ
ਕੀਮਤ ਵੋਟ ਦੀ ਲਾਵੇ,
ਹਕੂਮਤ ਤੇ ਬੜਾ ਐਵੇਂ
ਯਾਰੋ ਵਿਅੰਗ ਕੱਸ ਰਿਹਾ,
ਉਹ ਬੰਦਾ ਰਾਜਨੇਤਾ ਹੈ
ਬਾਤਾਂ ਝੂਠ ਦੱਸ ਰਿਹਾ
ਉਹ ਬੰਦਾ ਰਾਜਨੇਤਾ ਹੈ।

ਕੋਈ ਮਰੇ ਕੋਈ ਜੀਵੇ
ਉਸਨੂੰ ਫ਼ਰਕ ਨਹੀਂ ਪੈਂਦਾ,
ਝੂਠਾ ਕੱਲ੍ਹ ਰੋਂਦਾ ਸੀ
ਕੱਲਾ ਅੱਜ ਹੱਸ ਰਿਹਾ
ਉਹ ਬੰਦਾ ਰਾਜਨੇਤਾ ਹੈ
ਬਾਤਾਂ ਝੂਠ ਦੱਸ ਰਿਹਾ
ਉਹ ਬੰਦਾ ਰਾਜਨੇਤਾ ਹੈ।

ਸਵਾਰਥ ਲਈ ਓ ਯਾਰੋ
ਪੈਰੀਂ ਹੱਥ ਲਾ ਛੱਡਦਾ,
ਮਿਲੇ ਰਾਜ ਜੇਕਰ ਤਾਂ
ਥੁੱਕਿਆ ਫ਼ੇਰ ਚੱਟ ਰਿਹਾ,
ਉਹ ਬੰਦਾ ਰਾਜਨੇਤਾ ਹੈ
ਬਾਤਾਂ ਝੂਠ ਦੱਸ ਰਿਹਾ
ਉਹ ਬੰਦਾ ਰਾਜਨੇਤਾ ਹੈ।


www.PunjabiLibrary.com

ਉਜਾੜੇ ਤੇ ਜੋ ਹੱਸ ਰਿਹਾ
ਉਹ ਬੰਦਾ ਰਾਜਨੇਤਾ ਹੈ,
ਬਾਤਾਂ ਝੂਠ ਦੱਸ ਰਿਹਾ
ਉਹ ਬੰਦਾ ਰਾਜਨੇਤਾ ਹੈ।"

-0-


www.PunjabiLibrary.com

# ਸੌਖਾ ਨਹੀਂ ਹੁੰਦਾ

"ਆਪਣਾ ਵੱਖਰਾ ਰਾਹ ਬਣਾਉਣਾ
ਸੌਖਾ ਨਹੀਂ ਹੁੰਦਾ,
ਮਾਰੂਥਲ ਵਿਚ ਘਾਹ ਉਗਾਉਣਾ
ਸੌਖਾ ਨਹੀਂ ਹੁੰਦਾ।

ਡਿੱਗ ਕੇ ਉੱਠਣਾ ਆਦਤ ਮਿੱਤਰੋ
ਸੂਰੇ ਦੀ ਹੁੰਦੀ,
ਕਾਇਰ ਕੋਲੋਂ ਜੰਗ ਜਿਤਾਉਣਾ
ਸੌਖਾ ਨਹੀਂ ਹੁੰਦਾ,
ਆਪਣਾ ਵੱਖਰਾ ਰਾਹ ਬਣਾਉਣਾ
ਸੌਖਾ ਨਹੀਂ . . .

ਭਗਤ ਬੰਦੇ ਤਾਂ ਹਰਦਮ ਰੱਬ ਨੂੰ
ਚੇਤੇ ਕਰਦੇ, ਪਰ
ਪਾਪੀ ਕੋਲੋਂ ਨਾਮ ਜਪਾਉਣਾ
ਸੌਖਾ ਨਹੀਂ ਹੁੰਦਾ,
ਆਪਣਾ ਵੱਖਰਾ ਰਾਹ ਬਣਾਉਣਾ
ਸੌਖਾ ਨਹੀਂ . . .

ਖੁਸ਼ੀਆਂ ਦੇ ਵਿਚ ਭੱਜਦੀ ਜ਼ਿੰਦਗੀ
ਵਾਂਗ ਭੰਬੀਰੀ ਦੇ,
ਗ਼ਮੀਆਂ ਵਾਲਾ ਵਕਤ ਲੰਘਾਉਣਾ
ਸੌਖਾ ਨਹੀਂ ਹੁੰਦਾ,
ਆਪਣਾ ਵੱਖਰਾ ਰਾਹ ਬਣਾਉਣਾ
ਸੌਖਾ ਨਹੀਂ . . .

ਦੁੱਖ ਦੇ ਸਮੇਂ ਤੇ ਲੋਕੀਂ ਜੱਪਦੇ
ਨਾਮ ਪ੍ਰਭੂ ਦਾ, ਪਰ
ਸੁੱਖ ਦੇ ਸਮੇਂ ਤੇ ਨਾਮ ਧਿਆਉਣਾ
ਸੌਖਾ ਨਹੀਂ ਹੁੰਦਾ,
ਆਪਣਾ ਵੱਖਰਾ ਰਾਹ ਬਣਾਉਣਾ
ਸੌਖਾ ਨਹੀਂ . . .।"

–0–


www.PunjabiLibrary.com

## ਤ੍ਰਿਸ਼ਨਾ

"ਭ੍ਰਿਸ਼ਟਾਚਾਰ ਤੇ ਰਿਸ਼ਵਤਖੋਰੀ
ਵੱਧਦੀ ਜਾਂਦੀ ਏ,
ਅੱਧੀ ਜਨਤਾ ਇਕ ਟਾਈਮ ਹੀ
ਰੋਟੀ ਖਾਂਦੀ ਏ,
ਫਿਰ ਵੀ ਸਜਦੇ ਕਰਦੇ ਲੋਕੀਂ
ਅੱਲ੍ਹਾ ਨੂੰ ਝੁੱਕ ਕੇ,
ਮੁੱਕਣੀ ਨਹੀਂਓ ਤ੍ਰਿਸ਼ਨਾ ਭਾਵੇਂ
ਜ਼ਿੰਦਗੀ ਵੀ ਮੁੱਕ ਜੇ,
ਯਾਰੋ ਜ਼ਿੰਦਗੀ ਵੀ ਮੁੱਕ ਜੇ।

ਹਰ ਕੋਈ ਜੁਗਤ ਲੜਾਵੇ ਪੈਸਾ
ਕਿਵੇਂ ਬਣਾਵਾਂ ਮੈਂ?
ਐਸ਼ਪ੍ਰਸਤੀ ਕਰਕੇ ਜ਼ਿੰਦਗੀ
ਕਿਵੇਂ ਲੰਘਾਵਾਂ ਮੈ?
ਜੀਵਨ ਵਿਚ ਖੁਸ਼ਹਾਲੀ ਫਿਰ ਕਿਉਂ
ਬੈਠਾਂ ਮੈਂ ਲੁਕ ਕੇ?
ਮੁੱਕਣੀ ਨਹੀਂਓ ਤ੍ਰਿਸ਼ਨਾ ਭਾਵੇਂ
ਜ਼ਿੰਦਗੀ ਵੀ ਮੁੱਕ ਜੇ,
ਯਾਰੋ ਜ਼ਿੰਦਗੀ ਵੀ ਮੁੱਕ ਜੇ।

ਚੰਗਾ ਭਾਵੇਂ ਹੋਵੇ ਮੰਦਾ
ਨੇੜੇ ਆ ਬਹਿੰਦਾ,
ਤੇਰੇ ਜਿਹਾ ਨਾ ਜੱਗ ਤੇ ਹੋਣਾ
ਝੂਠਾ ਹੀ ਕਹਿੰਦਾ,
ਪਲਕਾਂ ਉੱਤੇ ਬਿਠਾ ਕੇ ਰੱਖਦੇ
ਤਲੀਆਂ ਤੇ ਚੁੱਕ ਕੇ,
ਮੁੱਕਣੀ ਨਹੀਂਓ ਤ੍ਰਿਸ਼ਨਾ ਭਾਵੇਂ


www.PunjabiLibrary.com

ਜ਼ਿੰਦਗੀ ਵੀ ਮੁੱਕ ਜੇ,
ਯਾਰੋ ਜ਼ਿੰਦਗੀ ਵੀ ਮੁੱਕ ਜੇ।

ਸੁੱਖ ਵਿਚ ਜਿਹੜੇ ਯਾਰ ਬਣੇ ਸੀ
ਆਪਣੇ ਹੋਵਣ ਨਾ,
ਉੱਪਰੋਂ ਉਹ ਨੇ ਜੱਫੀਆਂ ਪਾਉਂਦੇ
ਸਾਥ ਨਿਭਾਵਣ ਨਾ,
ਸੱਜਣ ਦਾ ਇਤਬਾਰ ਨਹੀਂ ਜੋ
ਚੱਟ ਲਵੇ ਥੁੱਕ ਕੇ,
ਮੁੱਕਣੀ ਨਹੀਂਓ ਤ੍ਰਿਸ਼ਨਾ ਭਾਵੇਂ
ਜ਼ਿੰਦਗੀ ਵੀ ਮੁੱਕ ਜੇ,
ਯਾਰੋ ਜ਼ਿੰਦਗੀ ਵੀ ਮੁੱਕ ਜੇ।"

-0-

# ਬਾਰਡਰ

(ਕੁਰੂਕਸ਼ੇਤਰ ਦੇ ਸ਼ਹੀਦ ਮਨਦੀਪ ਸਿੰਘ ਦੀ ਸ਼ਹਾਦਤ ਨੂੰ ਸਮਰਪਿਤ)

"ਘਰ ਵਿਚ ਦੀਪ ਜਗਾਉਣ ਵਾਲਿਓ
ਹੱਸ ਕੇ ਖੁਸ਼ੀ ਮਨਾਉਣ ਵਾਲਿਓ,
ਤੱਕ ਲਉ ਉਸ ਅਭਾਗੇ ਪਿਓ ਨੂੰ
ਲੋਥ ਜੋ ਪੁੱਤ ਦੀ ਝਾਕ ਰਿਹਾ ਏ,
ਬਾਰਡਰ ਤੇ ਕੋਈ ਜਾਗ ਰਿਹਾ ਏ . . .

ਉਸਦੇ ਘਰ ਵਿਚ ਹਾਸੇ ਹੈ ਨ੍ਹੀਂ
ਖੁਸ਼ੀਆਂ ਕਿਸੇ ਵੀ ਪਾਸੇ ਹੈ ਨ੍ਹੀਂ,
ਇਸ ਵਾਰ ਵੀ ਪਾਪਾ ਹੈ ਨ੍ਹੀਂ
ਨੰਨ੍ਹਾਂ ਕਰ ਵਿਰਲਾਪ ਰਿਹਾ ਏ,
ਬਾਰਡਰ ਤੇ ਕੋਈ ਜਾਗ ਰਿਹਾ ਏ . . .

ਮਾਂ- ਪਿਓ ਦੀਆਂ ਅੱਖੀਆਂ ਦਾ ਤਾਰਾ
ਤੁਰ ਗਿਆ ਅੱਜ 'ਮਨਦੀਪ' ਪਿਆਰਾ,
ਲੱਭਣਾ ਨ੍ਹੀਂ ਉਹ ਪੁੱਤਰ ਮੇਰਾ
ਬਾਪੂ ਰੋ- ਰੋ ਆਖ ਰਿਹਾ ਏ,
ਬਾਰਡਰ ਤੇ ਕੋਈ ਜਾਗ ਰਿਹਾ ਏ . . .

ਸੱਤ ਜਨਮਾਂ ਲਈ ਪ੍ਰੀਤ ਸੀ ਪਾਈ
ਅੱਧ- ਵਿਚਕਾਰੇ ਤੋੜੀ ਸਾਈਂ,
ਪਾ ਗਿਆ ਮਾਹੀ ਅੱਜ ਜੁਦਾਈ?
ਪਤਨੀ ਦਾ ਦਿਲ ਆਖ ਰਿਹਾ ਏ,
ਬਾਰਡਰ ਤੇ ਕੋਈ ਜਾਗ ਰਿਹਾ ਏ . . .

ਨਿੱਕੇ ਹੁੰਦਿਆਂ ਕੱਠੇ ਖੇਡੇ
ਰਸਤਾ ਸਿੱਧਾ, ਚੱਲਦੇ ਟੇਡੇ,
ਯਾਰੀ ਲਈ ਸੀ ਮਰਦੇ ਆਪਾਂ
ਹੁਣ ਨਾ ਉਸਦਾ ਸਾਥ ਰਿਹਾ ਏ,
ਬਾਰਡਰ ਤੇ ਕੋਈ ਜਾਗ ਰਿਹਾ ਏ . . .।"

-0-


www.PunjabiLibrary.com

# ਕੁਰਸੀ

"ਕੁਰਸੀ ਤੇਰੇ ਰੰਗ ਨਿਆਰੇ
ਜੱਗ ਤੇ ਹੈ ਵਡਿਆਈ,
ਤੇਰੇ ਪਿੱਛੇ ਲੜ-ਮਰ ਜਾਵਣ
ਆਪਸ ਦੇ ਵਿਚ ਭਾਈ।

ਤੇਰੀ ਤਾਕਤ ਸਮਝ ਨਾ ਆਵੇ
ਰੱਬ ਨੇ ਕਿਵੇਂ ਬਣਾਈ?
ਤੇਰਾ ਰੋਗੀ ਠੀਕ ਨ੍ਹੀਂ ਹੁੰਦਾ
ਖਾਵੇ ਗੁੜ ਦਵਾਈ,
ਤੇਰੇ ਪਿੱਛੇ ਲੜ-ਮਰ ਜਾਵਣ
ਆਪਸ ਦੇ ਵਿਚ . . .

ਵਿਚ ਜੁਆਨਾਂ ਹਰਮਨ ਪਿਆਰੀ
ਤੇਰੀ ਅਜ਼ਬ ਚੜ੍ਹਾਈ,
ਬਾਪੂ-ਬੇਬੇ ਪਿੱਛੇ ਹੈ ਨ੍ਹੀਂ
ਕੀ ਚਾਚੀ ਕੀ ਤਾਈ?
ਤੇਰੇ ਪਿੱਛੇ ਲੜ-ਮਰ ਜਾਵਣ
ਆਪਸ ਦੇ ਵਿਚ . . .

ਤੇਰਾ ਮੋਹ ਹੁਣ ਛੁੱਟਦਾ ਨਾਹੀਂ
ਕੀਤੀ ਬਹੁਤ ਕਮਾਈ,
ਭੈਣ-ਭਾਈ ਫਿਰ ਕੋਈ ਨਾ ਸੋਹੇ
ਪ੍ਰੀਤ ਤੇਰੇ ਸੰਗ ਲਾਈ,
ਤੇਰੇ ਪਿੱਛੇ ਲੜ-ਮਰ ਜਾਵਣ
ਆਪਸ ਦੇ ਵਿਚ . . .

ਤੈਨੂੰ ਤੱਕ ਕੇ ਅੱਖੀਆਂ ਦੇ ਵਿਚ
ਮੁੜ ਤੋਂ ਰੌਣਕ ਆਈ,
ਤੇਰੇ ਬਿਨਾਂ ਨਾ ਇਕ ਪਲ ਜੀਵਾਂ
ਅੰਤਮ ਬੇਲਾ ਆਈ,
ਤੇਰੇ ਪਿੱਛੇ ਲੜ-ਮਰ ਜਾਵਣ
ਆਪਸ ਦੇ ਵਿਚ . . .।"

-0-


www.PunjabiLibrary.com

# ਸ਼ਬਦ

“ਸ਼ਬਦ
ਨਾਸਤਿਕ
ਜਾਂ
ਆਸਤਿਕ
ਦੀ ਪਰਿਭਾਸ਼ਾ ਵਿਚ
ਨਹੀਂ ਬੱਝਦਾ
ਤੇ
ਨਾ ਹੀ
ਕਿਸੇ ਧਰਮ ਦੇ
ਨਿਯਮਾਂ ਵਿਚ
ਬੱਝਾ ਹੈ
ਬਲਕਿ ਸ਼ਬਦ ਤਾਂ
ਅਗੰਮੀ
ਅਵਿਨਾਸ਼ੀ
ਤੇ ਸਭ ਹੱਦ ਬੰਨਿਆ
ਤੋਂ ਉੱਪਰ
ਇਕ ਅਜਿਹੀ
ਸ਼ਕਤੀ ਹੈ
ਜਿਸ ਦੀ
ਕੋਈ ਵਿਆਖਿਆ
ਸੰਭਵ ਨਹੀਂ
ਤੇ
ਸ਼ਬਦ ਤੋਂ ਬਿਨਾਂ


www.PunjabiLibrary.com

ਸੰਸਾਰ ਦੀ
ਸਿਰਜਣਾ
ਅਧੂਰੀ ਹੈ
ਕਿਉਂਕਿ
ਸ਼ਬਦ
ਅਗੰਮੀ ਅਵਿਨਾਸ਼ੀ ਹੈ।"

-0-


www.PunjabiLibrary.com

# ਸੱਚ ਦੀ ਮੂਰਤ

"ਦੇਸ਼ ਮੇਰੇ ਦੀ ਧਰਤੀ ਉੱਪਰ
ਕਾਸ਼ ਅਜਿਹੀ ਥਾਂ ਹੋਵੇ,
ਪੁੱਤਰ ਬਣ ਕੇ ਰਹਿਣ ਸਪੁੱਤਰ
ਤੇ ਸੱਚ ਦੀ ਮੂਰਤ ਮਾਂ ਹੋਵੇ।

ਧੀ ਨੂੰ ਸਮਝੇ ਵਾਂਗ ਉਹ ਪੁੱਤਰ
ਨਾ ਦੀ ਥਾਵੇਂ 'ਹਾਂ' ਹੋਵੇ,
ਮਾਂ ਦੇ ਕਰਕੇ ਦੁਨੀਆਂ ਦੇਖਾਂ
ਗੂੜ੍ਹੀ ਮਾਂ ਦੀ ਛਾਂ ਹੋਵੇ,
ਪੁੱਤਰ ਬਣ ਕੇ ਰਹਿਣ ਸਪੁੱਤਰ
ਤੇ ਸੱਚ ਦੀ . . .

ਸੁਪਨੇ ਵਿਚ ਵੀ ਘਰ ਨਾ ਵੰਡੀਏ
ਰੋਟੀ ਇੱਕੋ ਥਾਂ ਹੋਵੇ,
ਬਾਪੂ ਦਾ ਹੱਥ ਹੋਵੇ ਸਭ ਤੇ
ਵੀਰਾਂ ਦੀ ਵੀ ਬਾਂਹ ਹੋਵੇ,
ਪੁੱਤਰ ਬਣ ਕੇ ਰਹਿਣ ਸਪੁੱਤਰ
ਤੇ ਸੱਚ ਦੀ . . .

ਭੈਣ ਮੇਰੀ ਜੋ ਸੁੱਖਾਂ ਸੁੱਖਦੀ
ਪੂਰੀ ਹਰ ਦੁਆ ਹੋਵੇ,
ਬਾਬਲ ਦੀ ਪੱਗ ਜੱਗ ਦੇ ਅੰਦਰ
ਬੱਸ ਉੱਚੀ ਜਿਹੀ ਥਾਂ ਹੋਵੇ,
ਪੁੱਤਰ ਬਣ ਕੇ ਰਹਿਣ ਸਪੁੱਤਰ
ਤੇ ਸੱਚ ਦੀ . . .।"

–0–


www.PunjabiLibrary.com

# ਕਿਸਾਨ

"ਅੰਨ ਉਗਾਉਣ ਵਾਲਾ ਅੱਜਕਲ੍ਹ
ਭੁੱਖੇ ਪੇਟ ਹੀ ਮਰ ਜਾਂਦਾ,
ਮੁੱਕਦੀ ਖੇਤੀ ਬਿਨ ਬਾਰਿਸ਼ ਦੇ
ਬਹੁਤ ਤੇਜ, ਮੀਂਹ ਵਰ ਜਾਂਦਾ
ਕਦੇ ਬਹੁਤ ਤੇਜ ਮੀਂਹ ਵਰ ਜਾਂਦਾ।

ਲੋਕਾਂ ਦਾ ਢਿੱਡ ਭਰਦਾ-ਭਰਦਾ
ਖੀਸਾ ਖਾਲੀ ਕਰ ਜਾਂਦਾ,
ਕਰਜ਼ ਉਤਾਰਨ ਖ਼ਾਤਰ ਉਹ ਤਾਂ
ਜ਼ਿੰਦਗੀ ਦੀ ਜੰਗ ਹਰ ਜਾਂਦਾ,
ਮੁੱਕਦੀ ਖੇਤੀ ਬਿਨ ਬਾਰਿਸ਼ ਦੇ
ਬਹੁਤ ਤੇਜ, ਮੀਂਹ ਵਰ ਜਾਂਦਾ
ਕਦੇ ਬਹੁਤ . . .

ਉਂਝ ਕਹਿਣ ਉਹ ਅੰਨ ਦਾ ਦਾਤਾ
ਭੁੱਖ ਸੰਗ ਸੂਲੀ ਚੜ ਜਾਂਦਾ,
ਕਰਜ਼ ਦੇਸ਼ ਦਾ ਲਾਹਉਂਦਾ ਉਹ ਤਾਂ
ਕਰਜ਼ ਅਦਾ ਸਭ ਕਰ ਜਾਂਦਾ,
ਮੁੱਕਦੀ ਖੇਤੀ ਬਿਨ ਬਾਰਿਸ਼ ਦੇ
ਬਹੁਤ ਤੇਜ, ਮੀਂਹ ਵਰ ਜਾਂਦਾ
ਕਦੇ ਬਹੁਤ . . .।"

-0-


www.PunjabiLibrary.com

## ਅੰਨ੍ਹੇ ਬੰਦੇ

"ਰੰਗੇ ਕਪੜੇ ਪਾ ਕੇ ਉਹ ਤਾਂ
ਬਣਦਾ ਰੱਬ ਦਾ ਬੰਦਾ,
ਰੱਬ ਦੇ ਨਾਮ ਨੂੰ ਵੇਚੀ ਜਾਵੇ
ਖ਼ੂਬ ਚਲਾਵੇ ਧੰਧਾ,
ਲੋਕਾਂ ਨੂੰ ਉਹ ਮੂਰਖ਼ ਆਖੇ
ਜਿਹੜੇ ਮੱਥਾ ਟੇਕਣ,
ਅੰਨ੍ਹੇ ਹੁੰਦੇ ਐਸੇ ਬੰਦੇ
ਅੱਖਾਂ ਖੋਲ੍ਹ ਨਾ ਦੇਖਣ
ਜਿਹੜੇ ਅੱਖਾਂ ਖੋਲ੍ਹ . . .

ਝੂਠ ਨੂੰ ਜਿਹੜੇ ਸੱਚ ਆਖਦੇ
ਐਸੇ ਬਹੁਤ ਗਿਆਨੀ,
ਇੱਕ ਪਲ ਅੱਖਾਂ ਮੀਟਣ ਨਾਹੀਂ
ਆਖਣ ਬਹੁਤ ਧਿਆਨੀ,
ਰੂਪ ਪਰਾਇਆ ਨਿੱਤ ਦੇਖਕੇ
ਉਹੀ ਅੱਖਾਂ ਸੇਕਣ,
ਅੰਨ੍ਹੇ ਹੁੰਦੇ ਐਸੇ ਬੰਦੇ
ਅੱਖਾਂ ਖੋਲ੍ਹ ਨਾ ਦੇਖਣ
ਜਿਹੜੇ ਅੱਖਾਂ ਖੋਲ੍ਹ . . .

ਧੀਆਂ- ਪੁੱਤਾਂ ਖ਼ਾਤਰ ਉਹ ਤਾਂ
ਕਰਦੇ ਖ਼ੂਬ ਕਮਾਈ,
ਨਾਲੇ ਜੱਗ ਤੇ ਸ਼ੋਭਾ ਖੱਟਦੇ
ਨਾਲੇ ਨੇ ਵਡਿਆਈ,
ਮਗ਼ਰ ਲਾਉਣ ਲਈ ਉਹ ਤਾਂ ਮਿੱਤਰੋ
ਕਰਦੇ ਖ਼ੂਬ ਨੇ ਖੇਖਣ,
ਅੰਨ੍ਹੇ ਹੁੰਦੇ ਐਸੇ ਬੰਦੇ
ਅੱਖਾਂ ਖੋਲ੍ਹ ਨਾ ਦੇਖਣ
ਜਿਹੜੇ ਅੱਖਾਂ ਖੋਲ੍ਹ . . .


www.PunjabiLibrary.com

ਜਿਹੜਾ ਰੱਬ ਦੇ ਨਾਲ ਜੋੜਦਾ
ਹੁੰਦਾ ਸਿੱਧਾ ਬੰਦਾ,
ਨਾ ਉਹ ਕਰਦਾ ਝੂਠ ਦਾ ਸੌਦਾ
ਨਾ ਉਹ ਕਰਦਾ ਧੰਧਾ,
ਐਸੇ ਬੰਦੇ ਰੂਪ ਰੱਬ ਦਾ
ਨਾਮ ਨਾ ਰੱਬ ਦਾ ਵੇਚਣ,
ਅੰਨ੍ਹੇ ਹੁੰਦੇ ਐਸੇ ਬੰਦੇ
ਅੱਖਾਂ ਖੋਲ੍ਹ ਨਾ ਦੇਖਣ
ਜਿਹੜੇ ਅੱਖਾਂ ਖੋਲ੍ਹ . . .।"
-0-


www.PunjabiLibrary.com

## ਸੱਜਣ ਦੀਆਂ ਬਾਤਾਂ

"ਸੱਜਣ ਦੀਆਂ ਬਾਤਾਂ ਨੀਂ ਸਈਓ
ਮੈਨੂੰ ਸਮਝ ਨਾ ਆਵਣ,
ਦੂਰ ਕਿਤੇ ਪਰਦੇਸ ਤੁਰ ਗਿਆ
ਰਾਤਾਂ ਵੱਢ- ਵੱਢ ਖਾਵਣ,
ਉਸ ਦੀਆਂ ਯਾਦਾਂ ਦਿਲ ਦੇ ਅੰਦਰ
ਮੁੜ- ਮੁੜ ਖੌਰੂ ਪਾਵਣ,
ਸੱਜਣ ਦੀਆਂ ਬਾਤਾਂ ਨੀਂ ਸਈਓ
ਮੈਨੂੰ ਸਮਝ . . .

ਦਿਲ ਦੇ ਕੇ, ਦਿਲ ਨੂੰ ਸੀ ਚਾਹਿਆ
ਲਾਇਆ ਰੋਗ ਅਵੱਲਾ,
ਦੁਨੀਆਂ ਸਾਹਵੇਂ ਚੰਦਰਾ ਹੱਸਦਾ
ਰੋਂਦਾ ਰਾਤੀਂ ਕੱਲਾ,
ਚੰਦਰੇ ਜੱਗ ਦੇ ਬੋਲ ਇਹ ਭੈੜੇ
ਦਿਲ ਦਾ ਮਾਸ ਪਏ ਖਾਵਣ,
ਸੱਜਣ ਦੀਆਂ ਬਾਤਾਂ ਨੀਂ ਸਈਓ
ਮੈਨੂੰ ਸਮਝ . . .

ਤੇਰੇ ਦਰਸ ਨੂੰ ਅੱਖੀਆਂ ਤਰਸਣ
ਇੱਕ ਵਾਰੀਂ ਤੂੰ ਆ ਵੇ,
ਮੁੱਕ ਜੂ ਜਿੰਦ ਨਿਮਾਣੀ ਸੱਜਣਾਂ
ਐਨਾ ਨਾ ਤੜਫ਼ਾ ਵੇ,
ਦੀਦ ਤੇਰੀ ਦੇ ਬਾਝੋਂ ਮਾਹੀਆ
ਰੀਝਾਂ ਨਾ ਮਰ ਜਾਵਣ,
ਸੱਜਣ ਦੀਆਂ ਬਾਤਾਂ ਨੀਂ ਸਈਓ
ਮੈਨੂੰ ਸਮਝ . . .


www.PunjabiLibrary.com

ਲੱਖ- ਲੱਖ ਸੁਕਰ ਮਨਾਵਾਂ ਰੱਬ ਦਾ
ਜੇ ਸੱਜਣ ਘਰ ਆਵੇ,
ਅਜ਼ਲਾਂ ਤੋਂ ਵਿਛੜੀ ਨੂੰ ਜੇ ਉਹ
ਆ ਸੀਨੇ ਨਾਲ ਲਾਵੇ,
ਨੱਚ- ਨੱਚ ਧਰਤੀ ਪੈਰ ਨਾ ਲਾਵਾਂ
ਜਿਉਂ ਤੀਆਂ ਵਿਚ ਸਾਵਣ,
ਸੱਜਣ ਦੀਆਂ ਬਾਤਾਂ ਨੀਂ ਸਹੀਓ
ਮੈਨੂੰ ਸਮਝ . . .।"

-0-


www.PunjabiLibrary.com

# ਝੂਠ ਦੀ ਮੰਡੀ

"ਇੱਜ਼ਤ, ਮਾਣ, ਮਰਿਆਦਾ ਦੀ ਗੱਲ
ਅੱਜਕਲ੍ਹ ਝੂਠੀ ਲੱਗਦੀ ਏ,
ਖਰੇ ਦੀ ਕੀਮਤ ਪਵੇ ਨਾ ਯਾਰੋ
ਖੋਟੇ ਦੀ ਮੰਡੀ ਲੱਗਦੀ ਏ।
ਇੱਥੇ ਖੋਟੇ ਦੀ ਮੰਡੀ ਲੱਗਦੀ ਏ।

ਸੱਚ ਨੂੰ ਕੋਈ ਨਾ ਕਰੇ ਸਲਾਮਾਂ
ਝੂਠ ਦੀ ਮਹਫ਼ਿਲ ਸੱਜਦੀ ਏ,
ਰੱਬ ਦੀ ਗੱਲ ਨੂੰ ਕੋਈ ਨ੍ਹੀਂ ਸੁਣਦਾ
ਬੱਸ ਅਪਣੀ ਡੱਫ਼ਲੀ ਵੱਜਦੀ ਏ,
ਇੱਜ਼ਤ, ਮਾਣ, ਮਰਿਆਦਾ ਦੀ ਗੱਲ
ਅੱਜਕਲ੍ਹ ਝੂਠੀ . . .

ਊਲ-ਜਲੂਲ ਜੋ ਬੋਲਣ ਲੋਕੀਂ
ਕੀਮਤ ਪਵੇ ਹਜ਼ਾਰਾਂ ਵਿਚ,
ਸੱਚ ਦੀ ਕੀਮਤ ਅੱਜਕਲ੍ਹ ਮਿੱਤਰੋ
ਕੌਡੀ ਵੀ ਨਾ ਲੱਗਦੀ ਏ,
ਇੱਜ਼ਤ, ਮਾਣ, ਮਰਿਆਦਾ ਦੀ ਗੱਲ
ਅੱਜਕਲ੍ਹ ਝੂਠੀ . . .

ਮਾਂ ਦੇ ਚਰਨਾਂ ਵਿਚ ਉਹ ਆਖਣ
ਜੰਨਤ ਜਿਹੀ ਹੈ ਥਾਂ ਯਾਰੋ,
ਪਾਣੀ ਬਿਨ ਉਹ ਮਾਂ ਤੜਫ਼ੇ
ਪਰ ਗੱਲ ਕਰਨ ਉਹ ਹੱਜ ਦੀ ਏ,
ਇੱਜ਼ਤ, ਮਾਣ, ਮਰਿਆਦਾ ਦੀ ਗੱਲ
ਅੱਜਕਲ੍ਹ ਝੂਠੀ . . .।"

-0-


www.PunjabiLibrary.com

# ਸੀਤਾ

"ਪਤਨੀ ਦਾ ਮੈਂ ਫ਼ਰਜ਼ ਨਿਭਾਇਆ
ਰਾਮ ਸੰਗ ਬਨਵਾਸ ਹੰਢਾਇਆ,
ਪਰ ਉਸ ਧਰਮੀ ਮਰਦ ਵੱਲੋਂ ਨਾ
ਆਪਣਾ ਕਰਤੱਵ ਗਿਆ ਨਿਭਾਇਆ।

ਰਾਜ-ਮਹਿਲ ਨੂੰ ਛੱਡ ਕੇ ਮੈਂ ਤਾਂ
ਔਰਤ ਦਾ ਸੀ ਫ਼ਰਜ਼ ਨਿਭਾਇਆ,
ਜੰਗਲਾਂ ਦੇ ਵਿਚ, ਲੰਕਾ ਦੇ ਵਿਚ
ਇਕ ਪਲ ਦਿਲ ਤੋਂ ਨਈਂ ਭੁਲਾਇਆ।

ਪੂਜਣਯੋਗ ਹੈ ਜੱਗ ਤੇ ਔਰਤ
ਕਈਆਂ ਨੇ ਹੈ ਆਖ ਸੁਣਾਇਆ,
ਰਾਮਚੰਦ ਜੀ ਫ਼ਿਰ ਵੀ ਮੈਨੂੰ?
ਬਲਦੀ ਅਗਨੀ ਵਿਚ ਬਿਠਾਇਆ।

ਧਰਮ ਦੀ ਪ੍ਰੀਖਿਆ ਦੇਣੇ ਲਈ ਮੈਂ
ਅੱਗ ਵਿਚ ਆਪਣਾ ਨੂਰ ਗਵਾਇਆ,
ਪਰ ਇਕ ਬੋਲੀ ਪਾਲਣ ਖ਼ਾਤਰ
ਉਸਨੇ ਆਪਣਾ ਧਰਮ ਗਵਾਇਆ।

ਲੋਕੀਂ ਉਸ ਨੂੰ ਧਰਮੀ ਆਖਣ
ਕਿਹੜਾ ਉਸਨੇ ਧਰਮ ਨਿਭਾਇਆ?
ਔਰਤ ਜੇਕਰ ਧਰਮ ਨੂੰ ਪਾਲੇ
ਗੁਣ ਨ੍ਹੀਂ ਉਸਦਾ ਕਿਸੇ ਵੀ ਗਾਇਆ।"

-0-

# ਰਾਵਣ ਦੀ ਪੁਕਾਰ

"ਉਹ ਜੋ ਮੇਰੇ ਪੁਤਲੇ ਸਾੜਨ
ਧਰਮੀ ਬੰਦੇ ਹੋਵਣਗੇ,
ਨਫ਼ਰਤ ਨੂੰ ਦਿਲਾਂ ਚੋਂ ਕੱਢਕੇ
ਬੀਜ ਪਿਆਰ ਦੇ ਬੋਵਣਗੇ।

ਮੰਦੀ ਨਜ਼ਰੇ ਤੱਕਿਆ ਨਾਹੀਂ
ਸੀਤਾ ਜੀ ਨੂੰ ਇਕ ਵਾਰੀਂ,
ਅੱਜ ਵੀ ਮੈਨੂੰ ਭੰਡ ਕੇ ਲੋਕੀਂ
ਪਾਪ ਦਿਲਾਂ ਦੇ ਧੋਵਣਗੇ,
ਉਹ ਜੋ ਮੇਰੇ ਪੁਤਲੇ ਸਾੜਨ
ਧਰਮੀ ਬੰਦੇ . . .

ਨੱਕ ਭੈਣ ਦੀ ਕੱਟੀ ਤੱਕ ਕੇ
ਖ਼ੂਨ ਉਬਾਲੇ ਖਾ ਬੈਠਾ,
ਕੀ ਰਾਮ ਤੇ ਕੀ ਵੱਡਯੋਧਾ
ਕੱਲੇ ਬਹਿ-ਬਹਿ ਰੋਵਣਗੇ,
ਉਹ ਜੋ ਮੇਰੇ ਪੁਤਲੇ ਸਾੜਨ
ਧਰਮੀ ਬੰਦੇ . . .

ਧਰਮੀ ਹਾਂ ਤੁਸੀਂ ਸਮਝੋ ਲੋਕੋ
ਪਾਪ ਦੀ ਅਗਨੀ ਵਿਚ ਨਾ ਝੋਕੋ,
ਜਿਹੜੇ ਇਸ ਨੂੰ ਸਮਝਣ ਬੰਦੇ
ਬੀਜ਼ ਪਿਆਰ ਦੇ ਬੋਵਣਗੇ,
ਉਹ ਜੋ ਮੇਰੇ ਪੁਤਲੇ ਸਾੜਨ
ਧਰਮੀ ਬੰਦੇ . . .।"

-0-


www.PunjabiLibrary.com

# ਸੋਹਣਾ ਮਾਹੀ

"ਮਾਹੀ ਮੇਰਾ ਘਰ ਆਇਆ ਸਈਓ
ਰੱਜ-ਰੱਜ ਖੁਸ਼ੀ ਮਨਾਵਾਂ ਮੈਂ,
ਉਸ ਨੂੰ ਮਿਲਣੇ ਖ਼ਾਤਰ ਹੀ ਤਾਂ
ਮੰਗੀਆਂ ਨਿੱਤ ਦੁਆਵਾਂ ਮੈਂ।

ਵਿਚ ਵਿਛੋੜੇ ਉਸ ਮਾਹੀ ਦੇ
ਝੱਲੀਆਂ ਗਰਮ ਹਵਾਵਾਂ ਮੈਂ,
ਬਿਰਹਾ ਨੇ ਮੈਨੂੰ ਕਮਲੀ ਕੀਤਾ
ਨਜ਼ਰਾਂ ਕਿਵੇਂ ਮਿਲਾਵਾਂ ਮੈਂ?

ਇਕ ਵਾਰੀਂ ਜੇ ਮਿਲ ਜਏ ਪ੍ਰੀਤਮ
ਕਰਮਾਂ ਵਿਚ ਲਿਖਾਵਾਂ ਮੈਂ,
ਪ੍ਰੀਤਮ ਦੇ ਆਉਣੇ ਦੀ ਮਸਤੀ
ਧਰਤੀ ਪੈਰ ਨਾ ਪਾਵਾਂ ਮੈਂ।

ਕੋਲ ਬੈਠ ਕੇ ਉਸ ਸੱਜਣ ਦੇ
ਚੂਰੀ ਮੂੰਹ ਵਿਚ ਪਾਵਾਂ ਮੈਂ,
ਰੱਬਾ ਫੇਰ ਨਾ ਪਾਵੀਂ ਵਿਛੋੜਾ
ਨਾ ਬਿਰਹਾ ਮੁੜ ਹੰਢਾਵਾਂ ਮੈਂ।

ਉਸ ਦੇ ਗ੍ਰਿਹਿ ਵਿਚ ਜੀਵਨ ਬੀਤੇ
ਨਾ ਆਪਣੇ ਘਰ ਜਾਵਾਂ ਮੈਂ,
ਸਿੱਖ਼ਰ ਦੁਪਿਹਰੇ ਮਾਹੀ ਕੋਲੇ
ਚਾਹੁੰਦੀ ਠੰਡੀਆਂ ਛਾਂਵਾਂ ਮੈਂ।

ਤੱਤੀ ਵਾਅ ਨਾ ਉਸ ਨੂੰ ਲੱਗੇ
ਝੱਲੀਆਂ ਸਭ ਬਲਾਵਾਂ ਮੈਂ,
ਰੁੱਸੇ ਕਦੇ ਜੇ ਸੋਹਣਾ ਮਾਹੀ
ਤਲੀਆਂ ਚੁੰਮ ਮਨਾਵਾਂ ਮੈਂ।

ਰਾਂਝਾ-ਰਾਂਝਾ ਉਸ ਨੂੰ ਕਹਿੰਦੀ
ਹੀਰ ਨਾ ਹੁਣ ਸਦਾਵਾਂ ਮੈਂ,
ਸਦਾ ਵੱਸੇ ਮੇਰੇ ਸਿਰ ਦਾ ਸਾਈਂ
ਉਸ ਖ਼ਾਤਰ ਮਰ ਜਾਵਾਂ ਮੈਂ।"

-0-

# ਕਲਮ

"ਕਲਮ
ਉਹ ਨਹੀਂ
ਜੋ
ਸਦਾ ਬਿਰਹਾ
ਵਿਯੋਗ
ਪ੍ਰੇਮ
ਅਤੇ ਇਸ਼ਕ
ਦੇ ਗੀਤ
ਗਾਉਂਦੀ ਰਹੇ
ਬਲਕਿ
ਕਲਮ
ਤਾਂ ਉਹ ਹੈ
ਜੋ ਆਪਣੇ
ਤਨ ਦੇ
ਰੱਤ ਰਾਹੀਂ
ਸੁੱਤੇ
ਹਿਰਦਿਆਂ ਨੂੰ
ਜਗਾਉਂਦੀ ਰਹੇ।"

-0-


www.PunjabiLibrary.com

# ਯਾਦਾਂ ਬਚਪਣ ਦੀਆਂ

"ਲੜ ਕੇ ਰੁਸਨਾ, ਰੁਸ ਕੇ ਮੰਨਣਾ
ਇਸ ਬਚਪਣ ਦੀ ਬਾਤ ਕਹਾਂ,
ਇਕੋ ਡੱਬੇ ਵਿਚ ਰੋਟੀ ਖਾਣੀ
ਕਿਸ ਦੀ ਕੀ ਮੈਂ ਜਾਤ ਕਹਾਂ?

ਨਾ ਸੀ ਕੋਈ ਗ਼ਰੀਬ ਓ ਯਾਰੋ
ਨਾ ਸੀ ਕੋਈ ਅਮੀਰ ਉਦੋਂ,
ਪਿਆਰ ਦੀ ਬਾਤਾਂ ਸਾਂ ਪਾਉਂਦੇ
ਕੀ ਦਿਨ ਤੇ ਕੀ ਰਾਤ ਕਹਾਂ?
ਲੜ ਕੇ ਰੁਸਨਾ, ਰੁਸ ਕੇ ਮੰਨਣਾ
ਇਸ ਬਚਪਣ . . .

ਬੇਬੇ ਦੀਆਂ ਝਿੜਕਾਂ, ਪਿਆਰ ਬਾਪੂ ਦਾ
ਅੱਜ ਨਾ ਕਿੱਧਰੋਂ ਮੁੱਲ ਮਿਲਦਾ,
ਉਸ ਵੇਲੇ ਦੀਆਂ ਅਮੁੱਲ ਮਖ਼ੌਲਾਂ
ਕਿਉਂ ਮੈਂ ਅੱਜ ਖ਼ੈਰਾਤ ਕਹਾਂ?
ਲੜ ਕੇ ਰੁਸਨਾ, ਰੁਸ ਕੇ ਮੰਨਣਾ
ਇਸ ਬਚਪਣ . . .

ਗੁੱਲੀ-ਡੰਡਾ ਤੇ ਰੇਸ ਸੈਕਲ ਦੀ
ਅਕਸਰ ਲੱਗਦੀ ਹੁੰਦੀ ਸੀ,
ਕਿਸ ਨੇ ਜਿੱਤ ਕੇ ਪਾਉਣਾ ਭੰਗੜਾ
ਕਿਸ ਦੀ ਅੱਜ ਮੈਂ ਮਾਤ ਕਹਾਂ,
ਲੜ ਕੇ ਰੁਸਨਾ, ਰੁਸ ਕੇ ਮੰਨਣਾ
ਇਸ ਬਚਪਣ . . .।"

-0-


www.PunjabiLibrary.com

# ਪ੍ਰਦੇਸੀ ਮਾਹੀ

"ਉਹ ਜੋ ਤੁਰ ਪ੍ਰਦੇਸ ਗਏ ਨੇ
ਮੁੜ ਕੇ ਫ਼ੇਰਾ ਪਾਉਂਦੇ ਨਾ,
ਅੱਖੀਆਂ 'ਚ ਬੱਸ ਰਹਿਣ ਉਡੀਕਾਂ
ਮੁੱਖ ਨੂੰ ਫ਼ੇਰ ਦਿਖਾਉਂਦੇ ਨਾ।

ਘਰ ਦੇ ਬੂਹੇ ਹਰਦਮ ਖੁੱਲੇ
ਚੁਪ-ਚਪੀਤੇ ਆਉਂਦੇ ਨਾ,
ਚਾਹਤ ਉਸ ਦੀ ਸਿਰ ਚੜ ਬੋਲੇ
ਦਿਲ ਤੋਂ ਪਰ ਉਹ ਚਾਹੁੰਦੇ ਨਾ,
ਅੱਖੀਆਂ 'ਚ ਬੱਸ ਰਹਿਣ ਉਡੀਕਾਂ
ਮੁੱਖ ਨੂੰ ਫ਼ੇਰ . . .

ਕਿੰਨੀਆਂ ਰੁੱਤਾਂ ਬੀਤ ਗਈਆਂ ਨੇ
ਪਰ ਉਹ ਦਰਸ ਦਿਖਾਉਂਦੇ ਨਾ,
ਰੁੱਸ ਕੇ ਗੀਤ ਹਿਜ਼ਰ ਦਾ ਗਾਵਾਂ
ਪਰ ਉਹ ਸੱਜਣ ਮਨਾਉਂਦੇ ਨਾ,
ਅੱਖੀਆਂ 'ਚ ਬੱਸ ਰਹਿਣ ਉਡੀਕਾਂ
ਮੁੱਖ ਨੂੰ ਫ਼ੇਰ . . .

ਵਿਚ ਬਹਾਰਾਂ, ਮਾਹੀ ਦੇ ਸੰਗ
ਪਰ ਇਹ ਦਿਨ ਕਿਉਂ ਆਉਂਦੇ ਨਾ?
ਨਾਮ ਮਾਹੀ ਦਾ ਹਰਦਮ ਜੱਪਦੀ
ਕਦੇ ਰੱਬ ਦਾ ਨਾਮ ਧਿਆਉਂਦੇ ਨਾ,
ਅੱਖੀਆਂ 'ਚ ਬੱਸ ਰਹਿਣ ਉਡੀਕਾਂ
ਮੁੱਖ ਨੂੰ ਫ਼ੇਰ . . .।"

-0-


www.PunjabiLibrary.com

# ਬੇਟੀ

"ਪਾਪਾ ਦਾ ਵਿਸ਼ਵਾਸ ਹਾਂ ਮੈਂ
ਮੰਮੀ ਲਈ ਇਕ ਆਸ ਹਾਂ ਮੈਂ,
ਬੇਟੀ ਹਾਂ ਬੱਸ ਆਮ ਜਿਹੀ
ਦੋਹਾਂ ਲਈ ਪਰ ਖ਼ਾਸ ਹਾਂ ਮੈਂ।

ਬਾਬੁਲ ਦੀ ਪੱਗ ਨੂੰ ਦਾਗ਼ ਨਾ ਲਾਵਾਂ
ਵੱਸਦੀਆਂ ਰਹਿਣ ਸਦਾ ਹੀ ਮਾਂਵਾਂ,
ਮਾਂ-ਪਿਓ ਦਾ ਧਰਵਾਸ ਹਾਂ ਮੈਂ
ਪਾਪਾ ਦਾ ਵਿਸ਼ਵਾਸ ਹਾਂ ਮੈਂ
ਮੰਮੀ ਲਈ . . .

ਜਿਹੜੇ, ਕੁੱਖ ਵਿਚ ਕਤਲ ਕਰਾਉਂਦੇ
ਦੱਸੋ, ਧੀ ਤੋਂ ਕੀ ਉਹ ਚਾਹੁੰਦੇ?
ਇਸ ਗੱਲ ਤੋਂ ਥੋੜਾ ਨਿਰਾਸ ਹਾਂ ਮੈਂ
ਪਾਪਾ ਦਾ ਵਿਸ਼ਵਾਸ ਹਾਂ ਮੈਂ
ਮੰਮੀ ਲਈ . . .

ਬਾਬੁਲ ਦਾ ਸਤਿਕਾਰ ਹਾਂ ਕਰਦੀ
ਵੀਰੇ ਨੂੰ ਵੀ ਪਿਆਰ ਹਾਂ ਕਰਦੀ,
ਅੰਮੜੀ ਨਾਲ ਨੂੰਹ-ਮਾਸ ਹਾਂ ਮੈਂ
ਪਾਪਾ ਦਾ ਵਿਸ਼ਵਾਸ ਹਾਂ ਮੈਂ
ਮੰਮੀ ਲਈ . . .

ਕਾਕੇ ਦੀ ਤੁਸੀਂ ਲੋਹੜੀ ਵੰਡਦੇ
ਕੁੜੀਆਂ ਨੂੰ ਬੱਸ ਝੂਠਾ ਭੰਡਦੇ,
ਇਸ ਗੱਲ ਤੋਂ ਥੋੜਾ ਨਿਰਾਸ ਹਾਂ ਮੈਂ
ਪਾਪਾ ਦਾ ਵਿਸ਼ਵਾਸ ਹਾਂ ਮੈਂ
ਮੰਮੀ ਲਈ . . .।"

-0-


www.PunjabiLibrary.com

# ਸ਼ਹੀਦ ਭਗਤ ਸਿੰਘ

"ਇਨਕਲਾਬ ਦਾ ਨਾਰਾ ਦੇ ਕੇ
ਸੁੱਤੀ ਅਣਖ਼ ਜਗਾਈ,
ਰਾਜਗੁਰੂ, ਸੁਖਦੇਵ, ਭਗਤ ਸਿੰਘ
ਐਸੀ ਜਾਗ ਲਗਾਈ।

ਸਾਡੇ ਦੇਸ਼ ਨੂੰ ਮਿਲੇ ਆਜ਼ਾਦੀ
ਅਸੀਂ ਹਾਂ ਇਹੋ ਚਾਹੁੰਦੇ,
ਇਸੇ ਖ਼ਾਤਰ ਜ਼ਿੰਦਗੀ ਆਪਣੀ
ਦੇਸ਼ ਦੇ ਨਾਵੇਂ ਲਾਈ,
ਰਾਜਗੁਰੂ, ਸੁਖਦੇਵ, ਭਗਤ ਸਿੰਘ
ਐਸੀ ਜਾਗ . . .

ਭਾਰਤ ਦੀ ਮੁਕਤੀ ਹਾਂ ਚਾਹੁੰਦੇ
ਚਾਹੁੰਦੇ ਅਸੀਂ ਆਜ਼ਾਦੀ,
ਫ਼ਾਂਸੀ ਦਾ ਅਸੀਂ ਰੱਸਾ ਚੁੰਮਕੇ
ਲਾੜ੍ਹੀ ਮੌਤ ਵਿਆਹੀ,
ਰਾਜਗੁਰੂ, ਸੁਖਦੇਵ, ਭਗਤ ਸਿੰਘ
ਐਸੀ ਜਾਗ . . .

ਨਾ ਹਿੰਦੂ ਨਾ ਸਿੱਖ ਅਸੀਂ ਹਾਂ
ਅਸੀਂ ਹਾਂ ਹਿੰਦੋਸਤਾਨੀ,
ਹਿੰਦੁਸਤਾਨ ਦੀ ਮੁਕਤੀ ਖ਼ਾਤਰ
ਅਸਾਂ ਬੰਦੂਕ ਉਠਾਈ,
ਰਾਜਗੁਰੂ, ਸੁਖਦੇਵ, ਭਗਤ ਸਿੰਘ
ਐਸੀ ਜਾਗ . . .।"

–0–


www.PunjabiLibrary.com

# ਪਾਖੰਡ

"ਅਨਪੜ੍ਹ ਬਾਬੇ ਪੜ੍ਹੇ-ਲਿਖੇ ਨੂੰ ਜੀਵਨ ਜਾਚ ਸਿਖਾਉਂਦੇ ਇੱਥੇ
ਬਿਨ ਪਾਣੀ ਦੇ ਮਰ ਜੇ ਬੰਦਾ, ਦੁੱਧ ਸੰਗ ਪੱਥਰ ਨੁਹਾਉਂਦੇ ਇੱਥੇ।

ਢਿੱਡ ਦੀ ਅੱਗ ਬੁਝਾਵਣ ਖ਼ਾਤਰ, ਜਿਸਮ ਦੀ ਖੱਲ ਲੁਹਾਉਂਦੇ ਇੱਥੇ
ਇਕੋ ਰੱਬ ਨੂੰ ਪਾਉਣ ਲਈ ਤਾਂ, ਥਾਂ-ਥਾਂ ਸਿਰ ਝੁਕਾਉਂਦੇ ਇੱਥੇ।
ਅਨਪੜ੍ਹ ਬਾਬੇ ਪੜ੍ਹੇ-ਲਿਖੇ ਨੂੰ ਜੀਵਨ ਜਾਚ ਸਿਖਾਉਂਦੇ ਇੱਥੇ
ਬਿਨ ਪਾਣੀ ਦੇ . . .

ਸੱਚਾ ਪਿਆਰ ਹੁਣ ਨਾ ਕਰਦਾ, ਝੂਠਾ ਹੀ ਬੱਸ ਚਾਹੁੰਦੇ ਇੱਥੇ
ਦਿਲ ਵਿਚ ਧੋਖਾ ਹਰਦਮ ਰਹਿੰਦਾ, ਉੱਪਰੋਂ ਪਿਆਰ ਜਤਾਉਂਦੇ ਇੱਥੇ।
ਅਨਪੜ੍ਹ ਬਾਬੇ ਪੜ੍ਹੇ-ਲਿਖੇ ਨੂੰ ਜੀਵਨ ਜਾਚ ਸਿਖਾਉਂਦੇ ਇੱਥੇ
ਬਿਨ ਪਾਣੀ ਦੇ . . .

ਕੁੜੀਆਂ ਜੰਮਣ ਰੋਵਣ ਲੋਕੀਂ, ਮੁੰਡੇ ਦੀ ਖੁਸ਼ੀ ਮਨਾਉਂਦੇ ਇੱਥੇ
ਪੁੱਤਰ ਫ਼ੇਰ ਨਾ ਪਾਣੀ ਪੁੱਛਦੇ, ਅੰਤ ਸਮੇਂ ਪਛਤਾਉਂਦੇ ਇੱਥੇ।
ਅਨਪੜ੍ਹ ਬਾਬੇ ਪੜ੍ਹੇ-ਲਿਖੇ ਨੂੰ ਜੀਵਨ ਜਾਚ ਸਿਖਾਉਂਦੇ ਇੱਥੇ
ਬਿਨ ਪਾਣੀ ਦੇ . . .

ਜਿਸਨੇ ਕਦੇ ਨਾ ਭਲਾ ਮਨਾਇਆ, ਖੁਦ ਦਾ ਭਲਾ ਬੱਸ ਚਾਹੁੰਦੇ ਇੱਥੇ
ਜਿਉਂਦੇ ਨੂੰ ਇਨਸਾਨ ਨਾ ਮੰਨਦੇ, ਮਰੇ ਨੂੰ ਰੱਬ ਬਣਾਉਂਦੇ ਇੱਥੇ।
ਅਨਪੜ੍ਹ ਬਾਬੇ ਪੜ੍ਹੇ-ਲਿਖੇ ਨੂੰ ਜੀਵਨ ਜਾਚ ਸਿਖਾਉਂਦੇ ਇੱਥੇ
ਬਿਨ ਪਾਣੀ ਦੇ . . .।"

-0-

# ਗ਼ਜ਼ਲ

"ਉਹ ਜੋ ਰਹਿੰਦੇ, ਸਦਾ ਨੇ ਵਿਚ ਮਕਾਨਾਂ ਦੇ
ਕੀ ਜਾਨਣ ਉਹ ਦਰਦ, ਸੁੰਨੇ ਸ਼ਮਸ਼ਾਨਾਂ ਦੇ।

ਖੁਸ਼ੀਆਂ ਦੇ ਵਿਚ ਹੱਸਦੇ-ਵੱਸਦੇ ਲੋਕ ਸਦਾ
ਇਸ਼ਕ 'ਚ ਮਰਦੇ, ਭੇਦ ਨਹੀਂ ਇਨਸਾਨਾਂ ਦੇ।

ਜਿਹੜੇ ਡਰਦੇ ਤੁਰ ਜਾਵਣ ਇਸ ਦੁਨੀਆ ਤੋਂ
ਕੀ ਉਹਨਾਂ, ਮੂੰਹ ਮੋੜ ਦੇਣੇ ਤੁਫ਼ਾਨਾਂ ਦੇ?

ਦੇਸ਼ ਲਈ ਜੋ ਜਾਨ ਨਿਛਾਵਰ ਕਰ ਤੁਰ ਗਏ
ਮੁੱਲ ਚਾਹੀਦੇ ਪੈਣੇ, ਉਹਨਾਂ ਬਲੀਦਾਨਾਂ ਦੇ।

ਇਸ਼ਕ 'ਚ ਜਿਹੜੇ, ਦਰਦ ਹੰਢਾਉਂਦੇ ਬਿਰਹਾ ਦੇ
ਉਹਨਾਂ ਦੇ ਲਈ ਕੁਝ ਨਹੀਂ, ਫ਼ੱਟ ਕਰਪਾਨਾਂ ਦੇ।

ਇਕ ਖੁਦਾ ਦੇ, ਸਨਮੁੱਖ ਜਿਹੜੇ ਝੁੱਕ ਜਾਵਣ
ਨਿੰਵਦੇ ਨਾ ਉਹ, ਫਿਰ ਮੂਹਰੇ ਸੁਲਤਾਨਾਂ ਦੇ।

ਬਸਤੀ ਕਹਿੰਦੇ, ਕਦੇ ਸੀ ਇਹ ਇਨਸਾਨਾਂ ਦੀ
ਅੱਜਕਲ੍ਹ ਦਰਸ਼ਨ ਹੁੰਦੇ, ਨਿਰੇ ਹੈਵਾਨਾਂ ਦੇ।"

-0-


www.PunjabiLibrary.com

# ਰੁੱਖ ਦੀ ਕਹਾਣੀ

"ਰੁੱਖ ਹਾਂ ਮੈਂ ਚੁੱਪ ਹਾਂ ਸਦੀਆਂ ਤੋਂ
ਅੱਜ ਬੋਲਣ ਨੂੰ ਮੇਰਾ ਜੀਅ ਕਰਦੈ,
ਐ ਕਲਜੁੱਗ ਦੇ ਇਨਸਾਨਾਂ ਵੇ
ਤੇਰੇ ਭੇਦ ਖੋਲਣ ਨੂੰ ਜੀਅ ਕਰਦੈ।

ਕਦੇ ਧਰਤੀ ਤੇ ਹਰਿਆਲੀ ਸੀ
ਸੂਰਜ ਦੀ ਮੱਠੀ ਲਾਲੀ ਸੀ,
ਜਦ ਜੰਗਲਾਂ ਵਿਚ ਤੂੰ ਆ ਵੜਿਆ
ਤੇ ਹੱਥ ਕੁਹਾੜਾ ਤੂੰ ਫੜ੍ਹਿਆ,
ਅੱਖੀਆਂ 'ਚੋਂ ਅੱਥਰੂ ਵਹਿੰਦੇ ਨੇ
ਜਦ ਕੋਈ ਵੀ ਸਾਥੀ ਮਰਦੈ,
ਐ ਕਲਜੁੱਗ ਦੇ ਇਨਸਾਨਾਂ ਵੇ
ਤੇਰੇ ਭੇਦ . . .

ਕਦੇ ਪੰਛੀ ਪਾਉਂਦੇ ਬਾਤਾਂ ਸੀ
ਕਦੇ ਲੰਮੀਆਂ ਹੁੰਦੀਆਂ ਰਾਤਾਂ ਸੀ,
ਕੀ ਗੱਲ ਕਹਾਂ ਮੈਂ ਰਾਤਾਂ ਦੀ
ਮੁੱਕ ਗਈ ਕਹਾਣੀ ਬਾਤਾਂ ਦੀ,
ਚੰਨ ਵੀ ਦੁਹਾਈ ਪਾਉਂਦਾ ਏ
ਤੂੰ ਕੀ ਕਰਦੈਂ, ਤੂੰ ਕੀ ਕਰਦੈਂ
ਐ ਕਲਜੁੱਗ ਦੇ ਇਨਸਾਨਾਂ ਵੇ
ਤੇਰੇ ਭੇਦ . . .

ਕੱਟ-ਕੱਟ ਵਿਛਾਈਆਂ ਲਾਸ਼ਾਂ ਨੇ
ਪਰ ਦਿਲ ਵਿਚ ਸਾਡੇ ਆਸਾਂ ਨੇ,
ਆਸਾਂ ਨਾ ਕਿੱਧਰੇ ਟੁੱਟ ਜਾਵਣ
ਇਹੋ ਰੱਬ ਅੱਗੇ ਅਰਦਾਸਾਂ ਨੇ,
ਕਿਤੇ ਤੈਨੂੰ ਵੀ ਸੋਝੀ ਆ ਜਾਵੇ
ਅਰਦਾਸ ਕਰਾਂ ਮੇਰਾ ਜੀਅ ਕਰਦੈ
ਐ ਕਲਜੁੱਗ ਦੇ ਇਨਸਾਨਾਂ ਵੇ
ਤੇਰੇ ਭੇਦ . . .।"

-0-

www.PunjabiLibrary.com

# ਪਤਾ ਨਹੀਂ ਕਿਉਂ ?

"ਉਸ ਦੇ ਹਰ ਹਾਸੇ ਪਿੱਛੇ
ਇਕ ਅਜੀਬ ਜਿਹੀ
ਉਦਾਸੀ, ਗ਼ਮ ਅਤੇ ਡਰ
ਨਜ਼ਰ ਆਉਂਦਾ ਏ
ਪਤਾ ਨਹੀਂ ਕਿਉਂ . . .?

ਉਹ ਜਿੰਨਾਂ ਖੁਸ਼ ਹੈ
ਉਸ ਤੋਂ ਕਿਤੇ ਵੱਧ
ਉਦਾਸ, ਖਫ਼ਾ ਅਤੇ ਸਹਿਮਿਆ
ਨਜ਼ਰ ਆਉਂਦਾ ਏ
ਪਤਾ ਨਹੀਂ ਕਿਉਂ . . .?

ਉਸ ਦੇ ਬੁੱਲ੍ਹਾਂ ਦੀ ਲਾਲੀ ਪਿੱਛੇ
ਸ਼ਾਹ ਕਾਲੀ ਰਾਤ ਜਿਹਾ ਹਨ੍ਹੇਰਾ
ਕੋਈ ਉਮੀਦ ਨਹੀਂ
ਕੋਈ ਰੀਝ ਨਹੀਂ,
ਕਿਸੇ ਨੂੰ ਪਾਉਣ ਦੀ
ਪਰ
ਉਸਦੇ ਨੈਣਾਂ ਅੰਦਰ
ਕਿਸੇ ਦੀ ਚਾਹਤ ਦਾ ਅਹਿਸਾਸ
ਨਜ਼ਰ ਆਉਂਦਾ ਏ
ਪਤਾ ਨਹੀਂ ਕਿਉਂ . . .?

ਉੱਪਰੋਂ ਖਾਲੀ ਹੋਣ ਦਾ ਅਹਿਸਾਸ
ਅੰਦਰੋਂ ਗ਼ਮਾਂ ਦੇ ਸਮੁੰਦਰ ਵਾਂਗ ਭਰਿਆ
ਬਾਹਰੋਂ ਮਹਫ਼ਿਲਾਂ ਦੀ ਰੌਣਕ
ਅੰਦਰੋਂ 'ਕੱਲੇ ਰੁੱਖਾਂ ਵਾਂਗਰਾ ਖੜ੍ਹਿਆ


www.PunjabiLibrary.com

ਉਸਦੇ ਹਰ ਹਾਸੇ ਬਾਅਦ
ਅਜੀਬ ਜਿਹੀ ਖ਼ਾਮੋਸ਼ੀ
ਦਰਦ, ਗ਼ਮ, ਬਿਰਹਾ ਅਤੇ ਵਿਛੋੜਾ
ਨਜ਼ਰ ਆਉਂਦਾ ਏ
ਪਤਾ ਨਹੀਂ ਕਿਉਂ . . .?

ਉੱਚੀਆਂ ਉਡਾਰੀਆਂ ਦੀ ਤਾਂਘ
ਹੌਂਸਲੇ ਤੇ ਪਿਆਰ ਦਾ ਜਜ਼ਬਾ
ਵੰਡਦਾ ਰਹਿੰਦਾ ਹੈ ਆਪਣੇ ਚਹੇਤਿਆਂ ਨੂੰ
ਸੁਪਨਿਆਂ ਦੇ ਰਾਜੇ ਦੇ
ਸੁਪਨੇ ਅਧੂਰੇ ਨੇ
ਕੁੱਝ ਮਿਲ ਗਏ
ਬਾਕੀ ਰਹਿ ਗਏ
ਮਿਲਣ ਦੀ ਖੁਸ਼ੀ ਨਹੀਂ
ਨਾ ਮਿਲਣ ਵਾਲੇ
ਸੁਪਨੇ ਲਈ
ਉਦਾਸ, ਗ਼ਮਗੀਨ ਅਤੇ ਚੁੱਪਚਾਪ
ਨਜ਼ਰ ਆਉਂਦਾ ਏ
ਪਤਾ ਨਹੀਂ ਕਿਉਂ . . .?"

-0-


www.PunjabiLibrary.com

# ਮਾਂ ਦਾ ਕਰਜ਼ਾ

''ਯਾਦ ਕਰਾਂ ਉਸ ਅਮੜੀ ਤਾਈਂ, ਜਿਸ ਨੇ ਬੋਲਣ ਦੱਸਿਆ
ਉਸ ਵਰਗਾ ਨਾ ਕੋਈ ਜਾਪੇ, ਫ਼ਿਰਾਂ ਮੈਂ ਨੱਸਿਆ-ਨੱਸਿਆ,
ਕੀਮਤ ਉਸ ਦੀ ਲੱਖਾਂ-ਹਜ਼ਾਰਾਂ, ਨਾ ਹੀ ਵਿਚ ਕਰੋੜਾਂ
ਦੱਸੋ ਮਿੱਤਰੋ ਮਾਂ ਦਾ ਕਰਜ਼ਾ, ਕਿਸ ਤਰ੍ਹਾਂ ਮੈਂ ਮੋੜਾਂ?

ਅੰਮੀ ਦੀ ਨਿੱਘੀ ਗੋਦੀ ਦੇ ਵਿਚ, ਆਉਂਦਾ ਸੁਰਗਾਂ ਦਾ ਝੂਟਾ
ਜੱਗ ਤੇ ਕੋਈ ਹੋਣਾ ਹੈ ਨ੍ਹੀਂ, ਵਾਂਗ ਮਾਂ ਜਿਹਾ ਕੋਈ ਬੂਟਾ,
ਧਰਤੀ ਤੋਂ ਵੱਧ ਲੱਗਦੈ ਰੱਬ ਨੂੰ ਸੁਰਗ'ਚ ਮਾਂ ਦੀਆਂ ਲੋੜਾਂ,
ਦੱਸੋ ਮਿੱਤਰੋ ਮਾਂ ਦਾ ਕਰਜ਼ਾ, ਕਿਸ ਤਰ੍ਹਾਂ ਮੈਂ ਮੋੜਾਂ?

ਅੰਮੀ-ਅੰਮੀ ਕਹਿੰਦੇ ਦਾ ਮੂੰਹ, ਮੇਰਾ ਕਦੇ ਨਾ ਥੱਕਦਾ ਸੀ
ਬਾਪੂ ਵਾਲਾ ਪਿਆਰ ਦੋਸਤੋ, ਅੰਮੀ ਲਈ ਮੈਂ ਰੱਖਦਾ ਸੀ,
ਮੋਹ ਭਰੀਆਂ ਇਹਨਾਂ ਤੰਦਾਂ ਨੂੰ, ਦੱਸ ਅੰਮੀਏ ਕਿੰਝ ਜੋੜਾਂ?
ਦੱਸੋ ਮਿੱਤਰੋ ਮਾਂ ਦਾ ਕਰਜ਼ਾ, ਕਿਸ ਤਰ੍ਹਾਂ ਮੈਂ ਮੋੜਾਂ?

ਬਾਪੂ ਦੇ ਗੁੱਸੇ ਦੀਆਂ ਝਿੜਕਾਂ, ਅੰਮੀ ਮੈਨੂੰ ਬਚਾਉਂਦੀ ਸੀ
ਕਹਿ ਕੇ 'ਕਾਕਾ' ਨਿੱਕਾ ਏ, ਹਿੱਕ ਆਪਣੀ ਨਾਲ ਲਗਾਉਂਦੀ ਸੀ,
ਹੋਵੇ ਸੁਰਗ'ਚ ਵਾਸਾ ਅੰਮੜੀ ਦਾ, ਹੱਥ ਰੱਬ ਅੱਗੇ ਮੈਂ ਜੋੜਾਂ
ਦੱਸੋ ਮਿੱਤਰੋ ਮਾਂ ਦਾ ਕਰਜ਼ਾ, ਕਿਸ ਤਰ੍ਹਾਂ ਮੈਂ ਮੋੜਾਂ?

ਕਿੰਨੀਆਂ ਰਾਤਾਂ ਗਿੱਲੀ ਤੇ ਸੌਂ ਕੇ, ਅੰਮੀ ਕਦੇ ਲੰਘਾਈਆਂ ਸਨ
ਪੁੱਤਰ, ਪਤਨੀ ਆਪਣੇ ਹੋ ਗਏ, ਮਾਂਵਾਂ ਅੱਜ ਪਰਾਈਆਂ ਹਨ,
ਅੱਲ੍ਹਾ ਐਸੀ ਰਹਿਮਤ ਹੋ ਜੇ, ਬਚਪਣ ਦਾ ਪਿਆਰ ਬਹੋੜਾਂ
ਦੱਸੋ ਮਿੱਤਰੋ ਮਾਂ ਦਾ ਕਰਜ਼ਾ, ਕਿਸ ਤਰ੍ਹਾਂ ਮੈਂ ਮੋੜਾਂ?
ਦੱਸੋ ਮਿੱਤਰੋ ਮਾਂ ਦਾ ਕਰਜ਼ਾ, ਕਿਸ ਤਰ੍ਹਾਂ ਮੈਂ ਮੋੜਾਂ?''

-0-


www.PunjabiLibrary.com

## ਮੈਂ ਅੱਜ ਵੀ ਮਰ ਰਿਹਾ ਹਾਂ

"ਲੋਕਾਂ ਦੇ ਢਿੱਡ ਭਰ ਰਿਹਾ ਹਾਂ
ਭੁੱਖਾਂ ਪਿੰਡੇ ਜ਼ਰ ਰਿਹਾ ਹਾਂ,
ਮੈਂ ਅੱਜ ਵੀ ਮਰ ਰਿਹਾ ਹਾਂ।

ਦੇਸ਼ ਦਾ ਅੰਨਦਾਤਾ ਕਹਾਵਾਂ
ਦੱਸੋ ਮੈਂ ਕਿੱਧਰ ਨੂੰ ਜਾਵਾਂ?
ਬੱਚੇ ਭੁੱਖੇ ਬੀਵੀ ਉਦਾਸ
ਪੀੜ੍ਹਾਂ ਸਭ ਦੀਆਂ ਹਰ ਰਿਹਾ ਹਾਂ
ਮੈਂ ਅੱਜ ਵੀ ਮਰ ਰਿਹਾ ਹਾਂ।

ਕਰਜ਼ੇ ਹੇਠ ਹਾਂ ਦੱਬਿਆ ਹੋਇਆ
ਸਾਡਾ ਤਾਂ ਰੱਬ ਵੀ ਨਾ ਹੋਇਆ,
ਖੇਤਾਂ ਦੇ ਵਿਚ ਹੱਲ ਵਾਹਉਂਦਿਆਂ
ਅਰਦਾਸ ਇਹੋ ਮੈਂ ਕਰ ਰਿਹਾ ਹਾਂ
ਮੈਂ ਅੱਜ ਵੀ ਮਰ ਰਿਹਾ ਹਾਂ।

ਧੀਆਂ ਦੀ ਸਿਰ ਜ਼ਿੰਮੇਵਾਰੀ
ਲੱਗਦੈ ਕਿਸਮਤ ਸਾਡੀ ਹਾਰੀ,
ਧੀਆਂ ਦੇ ਭਾਗੀਂ ਸੁੱਖ ਹੋਵੇ
ਅਰਦਾਸ ਰੱਬਾ ਮੈਂ ਕਰ ਰਿਹਾ ਹਾਂ
ਮੈਂ ਅੱਜ ਵੀ ਮਰ ਰਿਹਾ ਹਾਂ।

ਸ਼ਾਹਾਂ ਦੇ ਭਾਅ ਦਾ ਜੁਆਰੀ
ਜੁਏ ਦੇ ਵਿਚ ਕਿਸਮਤ ਹਾਰੀ,
ਹਰ ਪਾਸਿਉਂ ਅੱਜ ਹਰਿਆ ਹਾਂ ਮੈਂ
ਫ਼ਾਂਸੀ ਉੱਤੇ ਚੜ ਰਿਹਾ ਹਾਂ
ਮੈਂ ਅੱਜ ਵੀ ਮਰ ਰਿਹਾ ਹਾਂ।


www.PunjabiLibrary.com

ਸਮੇਂ ਦੀਆਂ ਸਰਕਾਰਾਂ ਨਾ ਚਾਵਣ
ਰਾਮ ਹੱਥੋਂ ਕਦ ਮਰੇਗਾ ਰਾਵਣ?
ਝੂਠੀ ਲੰਕਾ ਸਾੜ ਦਿਉ ਇਹ
ਹੱਲਾਸ਼ੇਰੀ ਕਰ ਰਿਹਾ ਹਾਂ
ਮੈਂ ਅੱਜ ਵੀ ਮਰ ਰਿਹਾ ਹਾਂ।

ਉੱਠੋ ਜਾਗੋ ਨੌਜਵਾਨੋਂ
ਤਾਕਤ ਅਪਣੀ ਨੂੰ ਪਹਚਾਨੋਂ,
ਬਦਲ ਦਿਓ ਇਹ ਝੂਠੀ ਰੀਤ
ਵੰਗਾਰ ਤੁਹਾਨੂੰ ਕਰ ਰਿਹਾ ਹਾਂ
ਮੈਂ ਅੱਜ ਵੀ ਮਰ ਰਿਹਾ ਹਾਂ।

ਲੋਕਾਂ ਦੇ ਢਿੱਡ ਭਰ ਰਿਹਾ ਹਾਂ
ਭੁੱਖਾਂ ਪਿੰਡੇ ਜ਼ਰ ਰਿਹਾ ਹਾਂ,
ਮੈਂ ਅੱਜ ਵੀ ਮਰ ਰਿਹਾ ਹਾਂ।''

-0-


www.PunjabiLibrary.com

# ਅਣਜੰਮੀ ਧੀ

"ਕਦੇ ਬਾਪੂ ਕਤਲ ਕਰਾਉਂਦਾ ਏ
ਕਦੇ ਬੇਬੇ ਕਾਤਲ ਬਣ ਜਾਂਦੀ,
ਕਦੇ ਕੁੱਖ ਵਿਚ ਧੀਆਂ ਮਰ ਜਾਵਣ
ਕਦੇ ਨਵੀਂ ਵਿਆਹੀ ਸੜ ਜਾਂਦੀ।

ਇਹ ਭਾਰਤ ਭੂਮੀ ਮੇਰੀ ਹੈ
ਇੱਥੇ ਧੀਆਂ ਦਾ ਸਤਿਕਾਰ ਨਹੀਂ,
ਅੰਤਾਂ ਦਾ ਮੋਹ ਹੈ ਪੁੱਤਰਾਂ ਨਾਲ
ਅਣਜੰਮੀਆਂ ਦੇ ਨਾਲ ਪਿਆਰ ਨਹੀਂ।

ਜਦ ਪੁੱਤਰ ਬੇਗਾਨੇ ਹੋ ਜਾਵਣ
ਉਦੋਂ ਧੀਆਂ ਚੇਤੇ ਆਉਂਦੀਆਂ ਨੇ,
ਟੁੱਟ ਰਹੇ ਘਰਾਂ ਨੂੰ ਜੋੜਦੀਆਂ ਨੇ
ਮੋਹ ਮਾਂ-ਪਿਓ ਨਾਲ ਨਿਭਾਉਂਦੀਆਂ ਨੇ
ਮੋਹ ਮਾਂ-ਪਿਓ ਨਾਲ ਨਿਭਾਉਂਦੀਆਂ ਨੇ।"

-0-


www.PunjabiLibrary.com

# ਸਟੋਵ

"ਅੱਜ ਸੜੀ ਇਕ ਅਬਲਾ ਨਾਰੀ
ਦਾਜ ਨੇ ਸੀ ਮਾਰ 'ਤੀ ਵਿਚਾਰੀ,
ਸੱਸ, ਨਨਾਣ, ਸਹੁਰਾ ਤੇ ਪਤੀ
ਇਕੋ ਹੀ ਗੱਲ ਕਹਿੰਦੇ ਨੇ,
ਸਟੋਵ ਕਿਉਂ ਫ਼ੱਟਦੇ ਰਹਿੰਦੇ ਨੇ
ਚੰਦਰੇ, ਸਟੋਵ ਕਿਉਂ ਫ਼ੱਟਦੇ ਰਹਿੰਦੇ ਨੇ।

ਮਾਂ-ਪਿਓ ਦੇ ਲਾਡਾਂ ਦੀ ਮਿੱਟੀ
ਤੱਤੀ ਹਵਾ ਨਾ ਲੱਗਣ ਦਿੱਤੀ,
ਭੈਣ, ਵੀਰਾ, ਬਾਪੂ ਤੇ ਅੰਮਾ
ਦੁੱਖ ਧੀਆਂ ਦਾ ਸਹਿੰਦੇ ਨੇ,
ਸਟੋਵ ਕਿਉਂ ਫ਼ੱਟਦੇ ਰਹਿੰਦੇ ਨੇ
ਚੰਦਰੇ, ਸਟੋਵ ਕਿਉਂ . . .

ਕੁੱਖ ਵਿਚ ਹੀ ਤੂੰ ਦਿੰਦੀ ਮਾਰ
ਦੁੱਖ ਨਾ ਝੱਲਣੇ ਪੈਂਦੇ ਹਜ਼ਾਰ,
ਸਮਾਜ, ਮਰਦ ਤੇ ਸਾਕ -ਸੰਬੰਧੀ
ਔਰਤ ਨੂੰ ਦੱਬਦੇ ਰਹਿੰਦੇ ਨੇ,
ਸਟੋਵ ਕਿਉਂ ਫ਼ੱਟਦੇ ਰਹਿੰਦੇ ਨੇ
ਚੰਦਰੇ, ਸਟੋਵ ਕਿਉਂ . . .

ਘਰ ਵਿਚ ਧੀ ਕਦੇ ਸੜਦੀ ਕਿਉਂ ਨ੍ਹੀਂ
ਬਾਪੂ ਦੇ ਘਰ ਧੀ ਮਰਦੀ ਕਿਉਂ ਨ੍ਹੀਂ,
ਸਹੁਰੇ ਹੀ ਨੂੰਹ ਸੜਦੀ ਏ
ਗੱਲਾਂ ਸੱਚ ਸਿਆਣੇ ਕਹਿੰਦੇ ਨੇ,
ਸਟੋਵ ਕਿਉਂ ਫ਼ੱਟਦੇ ਰਹਿੰਦੇ ਨੇ
ਚੰਦਰੇ, ਸਟੋਵ ਕਿਉਂ . . .।"

-0-

# ਮੇਰਾ ਭਾਰਤ ਮਹਾਨ

“ਇੱਥੇ ਲੀਡਰ ਘੱਪਲੇ ਕਰਦੇ ਨੇ
ਸਰਹੱਦ ‘ਤੇ ਫ਼ੌਜੀ ਮਰਦੇ ਨੇ,
ਨਵਜੰਮੀਆਂ ਕੁੱਤੇ ਖਾ ਜਾਂਦੇ
ਮਾਪੇ ਕੁੱਖ’ਚ ਕਤਲ ਕਰਾ ਜਾਂਦੇ।

ਇੱਥੇ ਮਾਂ-ਪਿਓ ਦਾ ਸਤਿਕਾਰ ਨਹੀਂ
ਭਾਈਆਂ’ਚ ਮੋਹ ਤੇ ਪਿਆਰ ਨਹੀਂ,
ਭੈਣਾਂ ਵੀ ਹਿੱਸਾ ਮੰਗ ਲੈਣਾ
ਹੁਣ ਮਾਪਿਆਂ ਤੇ ਇਤਬਾਰ ਨਹੀਂ।

ਇੱਥੇ ਰਿਸ਼ਵਰਖੋਰੀ ਬਈਮਾਈ ਏ
ਨਸ਼ਿਆਂ’ਚ ਰੁਲੀ ਜਵਾਨੀ ਏ,
ਗੀਤਾਂ’ਚ ਦਿੱਸਦਾ ਲਾਭ ਬੜਾ
ਪਰ ਅਸਲ ਹੁੰਦੀ ਹਾਨੀ ਏ।”

-0-


www.PunjabiLibrary.com

## ਗ਼ਜ਼ਲ

"ਜਗਾ ਕੇ ਦੀਪ ਅਗਨੀ ਦਾ, ਬਨੇਰੇ ਧਰ ਨਹੀਂ ਹੁੰਦਾ
ਮੌਤ ਮੇਰੇ ਸੁਪਨੇ ਦੀ, ਇਹ ਮਨ ਤੋਂ ਜ਼ਰ ਨਹੀਂ ਹੁੰਦਾ।
ਉਹ ਆਸ਼ਕ ਹੋਵੇ ਜਾਂ ਮਹਿਬੂਬ
ਕਿਸੇ ਦੇ ਮਰਨ ਤੇ ਯਾਰੋ, ਕਿਸੇ ਤੋਂ ਮਰ ਨਹੀਂ ਹੁੰਦਾ।

ਛੂਹ ਕੇ ਆਸਮਾਨ, ਤਾਰੇ ਅਸੀਂ ਲਾਹ ਵੀ ਸਕਦੇ ਹਾਂ
ਪੌੜੀ ਪਹਿਲੀ ਤੇ ਉਂਝ, ਕਦਮ ਇਕ ਧਰ ਨਹੀਂ ਹੁੰਦਾ।

ਉਹ ਏ ਸਮਝਦਾ ਹੈ, ਯਾਰ ਸਾਡਾ ਭੇਦ ਨਾ ਜਾਣੇ
ਅਸਾਂ ਤੋਂ ਪ੍ਰੀਤ ਦੇ ਬਦਲੇ, ਦਗ਼ਾ ਕੋਈ ਕਰ ਨਹੀਂ ਹੁੰਦਾ।

ਗੀਤ ਬਿਰਹਾ ਦੇ ਅਸੀਂ, ਨਿੱਤ ਗਾਂਵਦੇ ਯਾਰੋ
ਰੰਗ ਇਸ਼ਕ ਬਾਝੋਂ ਕੋਈ, ਅਸਾਂ ਤੇ ਚੜ੍ਹ ਨਹੀਂ ਹੁੰਦਾ।

ਮਹਫਿਲ ਸੱਜਦੀ ਤੇ, ਬਹੁਤ ਯਾਰੋ ਅੱਜ ਵੀ ਹੋਵੇਗੀ
ਪ੍ਰੀਤ ਬਿਨ ਕਲੇਜਾ ਇਸ਼ਕ ਦਾ, ਕਦੇ ਵੀ ਠਰ ਨਹੀਂ ਹੁੰਦਾ।"

-0-


www.PunjabiLibrary.com

# ਰੱਬ ਦੀ ਭਾਲ

"ਬਾਹਰੋਂ ਲੋਕੀਂ ਲੱਭਦੇ ਰੱਬ ਨੂੰ
ਦਿਲ ਵਿਚ ਝਾਤੀ ਪਾਵਣ ਨਾ,
ਨੱਕਾਂ ਰਗੜਨ, ਮੱਥੇ ਟੇਕਣ
ਸ਼ਰਧਾ ਦੇ ਸੰਗ ਆਵਣ ਨਾ।

ਹਰ ਵੇਲੇ ਬੱਸ ਸਿਮਰਨ ਕਰਦੇ
ਮਨ ਤੋਂ ਕਦੇ ਧਿਆਵਣ ਨਾ,
ਉੱਪਰੋਂ ਧਰਮੀ ਬੰਦੇ ਬਣਦੇ
ਅੰਦਰੋਂ ਧਿਆਨ ਲਗਾਵਣ ਨਾ,
ਬਾਹਰੋਂ ਲੋਕੀਂ ਲੱਭਦੇ ਰੱਬ ਨੂੰ
ਦਿਲ ਵਿਚ. . .

ਸੂਰਜ ਨੂੰ ਜਲ ਨੇ ਨਿੱਤ ਦਿੰਦੇ
ਬਾਪ ਨੂੰ ਜਲ ਪਿਆਵਣ ਨਾ,
ਮਨ ਨੂੰ ਜਿੱਤ ਕੇ ਪਾਉਣਾ ਰੱਬ ਨੂੰ
ਰੂਹ ਤੋਂ ਹੰਕਾਰ ਗਵਾਵਣ ਨਾ,
ਬਾਹਰੋਂ ਲੋਕੀਂ ਲੱਭਦੇ ਰੱਬ ਨੂੰ
ਦਿਲ ਵਿਚ . . .

ਦਾਨ-ਪੁੰਨ ਉਂਝ ਬਹੁਤ ਕਰੇਂਦੇ
ਲੋਭ ਤੋਂ ਪੱਲਾ ਛਡਾਵਣ ਨਾ,
ਟੱਲੀਆਂ ਮਾਰਨ, ਰੱਬ ਜਗਾਵਣ
ਰੂਹ ਨੂੰ ਕਦੇ ਜਗਾਵਣ ਨਾ,
ਬਾਹਰੋਂ ਲੋਕੀਂ ਲੱਭਦੇ ਰੱਬ ਨੂੰ
ਦਿਲ ਵਿਚ . . .।"

-0-


www.PunjabiLibrary.com

# ਲੋਕ

"ਸੱਚ ਬੋਲਣ ਤੋਂ ਡਰਦੇ ਲੋਕ
ਝੂਠ ਦਾ ਪਾਣੀ ਭਰਦੇ ਲੋਕ,
ਜ਼ਿੰਦਗੀ ਦੇ ਵਿੱਚ ਜਿੱਤਣ ਦੇ ਲਈ
ਦੀਨ- ਈਮਾਨ ਨੂੰ ਹਰਦੇ ਲੋਕ।

ਸ਼ੋਹਰਤ ਮਿਲਦੀ ਜੀਵਨ ਦੇ ਵਿੱਚ
ਆਕੜ ਆਖ਼ਰ ਆ ਜਾਂਦੀ ਏ,
ਪੈਸੇ, ਦੌਲਤ, ਸ਼ੋਹਰਤ ਕਰਕੇ
ਰੱਬ ਦਾ ਧਿਆਨ ਨੇ ਧਰਦੇ ਲੋਕ,
ਸੱਚ ਬੋਲਣ ਤੋਂ ਡਰਦੇ ਲੋਕ
ਝੂਠ ਦਾ ਪਾਣੀ ਭਰਦੇ ਲੋਕ,
ਜ਼ਿੰਦਗੀ ਦੇ ਵਿੱਚ ਜਿੱਤਣ ਦੇ ਲਈ
ਦੀਨ- ਈਮਾਨ ਨੂੰ . . .

ਰਿਸ਼ਤੇ- ਨਾਤੇ ਟੁੱਟ ਜਾਂਦੇ ਨੇ
ਇੱਕ ਪਲ ਦੇ ਵਿੱਚ ਸੱਜਣਾਂ ਉਏ,
ਲਾਲਚ ਦੇ ਵੱਸ ਇੱਕ ਦੂਜੇ ਨੂੰ
ਇੱਥੇ ਪਿਆਰ ਨੇ ਕਰਦੇ ਲੋਕ,
ਸੱਚ ਬੋਲਣ ਤੋਂ ਡਰਦੇ ਲੋਕ
ਝੂਠ ਦਾ ਪਾਣੀ ਭਰਦੇ ਲੋਕ,
ਜ਼ਿੰਦਗੀ ਦੇ ਵਿੱਚ ਜਿੱਤਣ ਦੇ ਲਈ
ਦੀਨ- ਈਮਾਨ ਨੂੰ . . .।"

-0-

# ਜੀਵਨ ਦੀ ਹਕੀਕਤ

"ਜੀਵਨ ਲੰਘਦੇ ਦੇਰ ਨਾ ਲੱਗਦੀ
ਕਿਉਂ ਕਰਦੈਂ ਚਤੁਰਾਈਆਂ,
ਚੰਗੀ ਗੱਲ ਨੂੰ ਦਿਲੋਂ ਵਿਸਾਰੇਂ
ਹਰਦਮ ਕਰੇਂ ਬੁਰਾਈਆਂ,
ਇੱਕ ਦਿਨ ਇੱਥੋਂ ਤੁਰ ਜਾਣਾ ਏ
ਜਿਸ ਥਾਂ ਡੇਰਾ ਲਾਇਆ,
ਸਾਰੀ ਦੁਨੀਆਂ ਰਹਿ ਜਉ ਤੱਕਦੀ
ਹੋ ਜਉ ਸਭ ਪਰਾਇਆ।

ਜਿਹੜੇ ਆਖਣ ਨਾਲ ਮਰਾਂ ਗੇ
ਉਹੀ ਪਿੱਛੇ ਹੱਟਦੇ,
ਮੰਦੇ ਕਰਮ ਜੋ ਕਰਦੇ ਜੱਗ ਤੇ
ਸ਼ੋਭਾ ਕਦੇ ਨਾ ਖੱਟਦੇ,
ਉਹੀ ਬੰਦੇ ਆਖ਼ਰ ਰੋਂਦੇ
ਜਿਨ੍ਹਾਂ ਜੱਗ ਰੁਆਇਆ,
ਸਾਰੀ ਦੁਨੀਆਂ ਰਹਿ ਜਉ ਤੱਕਦੀ
ਹੋ ਜਉ ਸਭ . . .

ਸਾਰੀ ਉੱਮਰੇ, ਵਿੱਚ ਜਵਾਨੀ
ਕਰਦਾ ਜੋ ਮਨਆਈਆਂ,
ਉਹੀ ਬੰਦਾ, ਵਿੱਚ ਬੁਢਾਪੇ
ਪਾਉਂਦਾ ਹਾਲ- ਦੁਹਾਈਆਂ,
ਧੀਆਂ- ਪੁੱਤਰ ਖ਼ਬਰ ਨਾ ਲੈਂਦੇ
ਜਿਸ ਲਈ ਜੀਵਨ ਲਾਇਆ,
ਸਾਰੀ ਦੁਨੀਆਂ ਰਹਿ ਜਉ ਤੱਕਦੀ
ਹੋ ਜਉ ਸਭ . . .।"

-0-


www.PunjabiLibrary.com

# ਰਾਮ

‘‘ਰਾਮ ਉਹ ਨਹੀਂ
ਜੋ ਕਿਸੇ
ਉੱਚੇ ਮੰਦਰ ਵਿੱਚ
ਸੋਨੇ ਦੇ ਗਹਿਣਿਆਂ ਹੇਠ
ਆਰਾਮ ਫੁਰਮਾ
ਰਿਹਾ ਹੈ
ਬਲਕਿ
ਰਾਮ ਤਾਂ
ਉਹ ਹੈ ਜੋ
ਸਿਖ਼ਰ ਦੁਪਹਿਰੇ
ਤੱਪਦੀ ਸੜਕ ਉੱਤੇ
ਚੱਲ ਰਹੇ ਮਾਸੂਮ
ਪੈਰਾਂ’ਚ
ਚੱਪਲਾਂ ਪਵਾ ਕੇ
ਉਨ੍ਹਾਂ ਨੰਨ੍ਹੇ ਪੈਰਾਂ ਨੂੰ
ਸਕੂਲੇ
ਭੇਜਦਾ ਹੈ
ਅਤੇ
ਉਸ ਤੋਂ ਵੱਧ
ਆਨੰਦ ਦੀ ਅਨੁਭੂਤੀ
ਮਾਣਦਾ ਹੈ
ਜੋ
ਕਿਸੇ ਵਾਤਾਨਕੂਲਿਤ
ਉੱਚੇ ਮੰਦਰ
ਵਿੱਚ
ਸੋਨੇ ਦੇ ਗਹਿਣੇ ਪਾ ਕੇ
ਰੱਬ ਬਣੀਂ
ਬੈਠਾ ਭਗਵਾਨ


www.PunjabiLibrary.com

ਵੀ ਨਹੀਂ
ਮਾਣ ਸਕਦਾ
ਕਿਉਂਕਿ
ਮੇਰਾ ਰਾਮ ਤਾਂ
ਮੇਰੀ 'ਮਾਂ' ਹੈ
ਸੜਕ ਤੇ ਤੁਰਦੇ
ਰੱਬ ਨੂੰ
ਸੱਜਦਾ . . .।"

-0-


www.PunjabiLibrary.com

# ਸੱਚ ਦਾ ਪਹਿਰੇਦਾਰ

"ਚੰਗਾ ਤੂੰ ਕਿਰਦਾਰ ਬਣ
ਜਿੱਤਾਂ ਲਈ ਅਸਵਾਰ ਬਣ,
ਦੌਲਤ ਪਾਉਣੀ, ਔਖੀ ਨਾਹੀਂ
ਸੱਜਣਾਂ ਲਈ ਦਿਲਦਾਰ ਬਣ।

ਹਰ ਪਾਸੇ, ਬਸ ਝੂਠੀ ਦੁਨੀਆਂ
ਸੱਚ ਦਾ ਪਹਿਰੇਦਾਰ ਬਣ,
ਨਫ਼ਰਤ ਵਿੱਚ ਗਲਤਾਨ ਲੋਕਾਂ ਲਈ
ਪਿਆਰਾਂ ਵਾਲਾ ਹਾਰ ਬਣ,
ਚੰਗਾ ਤੂੰ ਕਿਰਦਾਰ ਬਣ
ਜਿੱਤਾਂ ਲਈ . . .

ਇਸ ਜੱਗ ਅੰਦਰ ਜ਼ੁਲਮ ਜੋ ਹੋਵਣ
ਰੋਕਣ ਲਈ ਦੀਵਾਰ ਬਣ,
ਸੱਜਣਾਂ ਦੇ ਲਈ ਸੱਜਣ ਬਣ ਜਾ
ਦੁਸ਼ਮਣ ਲਈ ਤਲਵਾਰ ਬਣ,
ਚੰਗਾ ਤੂੰ ਕਿਰਦਾਰ ਬਣ
ਜਿੱਤਾਂ ਲਈ . . .

ਪਿਆਰ ਦੀਆਂ ਬਾਤਾਂ ਲਈ ਸੱਜਣਾਂ
ਰਾਤਾਂ ਦਾ ਹੁੰਗਾਰ ਬਣ,
ਜਾਨ ਵਾਰਨੀ, ਇਸ ਭੂਮੀ ਲਈ
ਜੰਗ ਦੇ ਵਿੱਚ, ਸਰਦਾਰ ਬਣ,
ਚੰਗਾ ਤੂੰ ਕਿਰਦਾਰ ਬਣ
ਜਿੱਤਾਂ ਲਈ . . .।"

–0–


www.PunjabiLibrary.com

# ਦੁਨੀਆਂ ਮਤਲਬ ਦੀ

"ਆਪਣਾ ਆਪ ਸੁਧਾਰ
ਕਿ ਦੁਨੀਆਂ ਮਤਲਬ ਦੀ,
ਸਭ ਨੂੰ ਸਮਝ ਨਾ ਯਾਰ
ਕਿ ਦੁਨੀਆਂ ਮਤਲਬ ਦੀ।

ਸੁੱਖ ਵੇਲੇ ਜੋ ਜੱਫ਼ੀਆਂ ਪਾਉਂਦੇ
ਦੁੱਖ ਵਿੱਚ ਲੈਣ ਨਾ ਸਾਰ,
ਕਿ ਦੁਨੀਆਂ ਮਤਲਬ ਦੀ
ਆਪਣਾ ਆਪ ਸੁਧਾਰ
ਕਿ ਦੁਨੀਆਂ . . .

ਘਰ ਵਿੱਚ ਜਿਸਦਾ ਆਣਾ- ਜਾਣਾ
ਤੋੜ ਦਿੰਦਾ ਇਤਬਾਰ,
ਕਿ ਦੁਨੀਆਂ ਮਤਲਬ ਦੀ
ਆਪਣਾ ਆਪ ਸੁਧਾਰ
ਕਿ ਦੁਨੀਆਂ . . .

ਰੱਬ ਤਾਈਂ ਜੋ ਕਰਦੇ ਟਿੱਚਰਾਂ
ਜੀਵਨ ਜਾਂਦੇ ਹਾਰ,
ਕਿ ਦੁਨੀਆਂ ਮਤਲਬ ਦੀ
ਆਪਣਾ ਆਪ ਸੁਧਾਰ
ਕਿ ਦੁਨੀਆਂ . . .

ਜ਼ਿੰਦਗੀ ਦੇ ਵਿੱਚ ਛੂਹ ਬੁਲੰਦੀਆਂ
ਰੱਬ ਦਾ ਸ਼ੁਕਰ ਗੁਜ਼ਾਰ,
ਕਿ ਦੁਨੀਆਂ ਮਤਲਬ ਦੀ
ਆਪਣਾ ਆਪ ਸੁਧਾਰ
ਕਿ ਦੁਨੀਆਂ . . .।"

-0-


www.PunjabiLibrary.com

# ਇਨਸਾਨ

“ਵਿੱਚ ਅਸਮਾਨੀ ਉੱਡਦੇ ਸੀ ਜੋ
ਧਰਤੀ ਡਿੱਗਦੇ ਦੇਖੇ ਮੈਂ,
ਕੌਡੀ ਬਦਲੇ ਇੱਥੇ ਸੱਜਣਾਂ
ਬੰਦੇ ਵਿੱਕਦੇ ਦੇਖੇ ਮੈਂ।

ਹਿੱਕ ਤਾਣ ਕੇ ਵਿੱਚ ਤੁਫ਼ਾਨਾਂ
ਜਿਹੜੇ ਅੜ ਕੇ ਖੜ੍ਹਦੇ ਸੀ,
ਉਹੀ ਬੂਟੇ ਨਾਲ ਹਵਾ ਦੇ
ਜੜ੍ਹ ਤੋਂ ਹਿੱਲਦੇ ਦੇਖੇ ਮੈਂ,
ਵਿੱਚ ਅਸਮਾਨੀ ਉੱਡਦੇ ਸੀ ਜੋ
ਧਰਤੀ ਡਿੱਗਦੇ . . .

ਬੰਦੇ ਨੂੰ ਜੋ ਸਮਝਣ ਬੰਦਾ
ਐਸੇ ਸੱਜਣਾਂ ਤੋਂ ਬਲਿਹਾਰੇ,
ਆਕੜ ਵਿੱਚ ਜੋ ਸਭ ਕੁਝ ਭੁੱਲਦੇ
ਮੂਰਖ਼ ਮਿਲਦੇ ਦੇਖੇ ਮੈਂ,
ਵਿੱਚ ਅਸਮਾਨੀ ਉੱਡਦੇ ਸੀ ਜੋ
ਧਰਤੀ ਡਿੱਗਦੇ . . .

ਵਿੱਚ ਜਵਾਨੀ ਸਭ ਨੂੰ ਟਿੱਚਰਾਂ
ਅਕਸਰ ਜਿਹੜੇ ਕਰਦੇ ਸੀ,
ਉਹੀ ਬੰਦੇ ਵਿੱਚ ਬੁਢਾਪੇ
ਸੜਕ ‘ਤੇ ਰੁਲਦੇ ਦੇਖੇ ਮੈਂ,
ਵਿੱਚ ਅਸਮਾਨੀ ਉੱਡਦੇ ਸੀ ਜੋ
ਧਰਤੀ ਡਿੱਗਦੇ . . .


www.PunjabiLibrary.com

ਛੱਡ 'ਨਿਸ਼ਾਨਾ' ਆਕੜ ਨੂੰ ਤੂੰ
ਕਰ ਲੈ ਚੰਗੇ ਕਰਮ ਕਦੇ,
ਅੰਤ ਸਮੇਂ ਤੇ ਪੜ੍ਹੇ- ਲਿਖੇ ਵੀ
ਖਾਲੀ ਜਾਂਦੇ ਦੇਖੇ ਮੈਂ,
ਵਿੱਚ ਅਸਮਾਨੀ ਉੱਡਦੇ ਸੀ ਜੋ
ਧਰਤੀ ਡਿੱਗਦੇ . . .।"

-0-


www.PunjabiLibrary.com

# ਝੂਠੀ ਦੁਨੀਆਂ

"ਝੂਠੀ ਦੁਨੀਆਂ, ਝੂਠੇ ਰਿਸ਼ਤੇ, ਝੂਠੇ ਮਹਿਲ- ਮੁਨਾਰੇ
ਜਿੱਤ ਜਿਨ੍ਹਾਂ ਸੰਸਾਰ ਲਿਆ ਸੀ, ਆਖ਼ਰ ਸਭ ਕੁਝ ਹਾਰੇ,
ਜ਼ਿੰਦਗੀ ਦੇ ਵਿਚ, ਜਿਹੜੇ ਸੱਜਣੋਂ, ਕਰਦੇ ਸੀ ਮਨਆਈਆਂ
ਅੰਤ ਸਮੇਂ ਤੇ ਸਭ ਕੁਝ ਹਰ ਕੇ, ਪਾਉਂਦੇ ਹਾਲ- ਦੁਹਾਈਆਂ।
ਉਹੀ ਪਾਉਂਦੇ ਹਾਲ . . .

ਆਕੜ ਦੇ ਵਿੱਚ ਤਣੇ ਸੀ ਜਿਹੜੇ, ਵਾਂਗ ਜੋ ਉੱਚੇ ਰੁੱਖਾਂ
ਹਰਦਮ ਖਾਣੇ ਵੰਨ- ਸੁਵੰਨੇ, ਕਿੰਝ ਸਹਿਣਗੇ ਭੁੱਖਾਂ?
ਮਾਣ ਕਦੇ ਸੀ ਜਿਸ ਦੇਹੀ ਦਾ, ਚੱਲਦੀ ਨਾਲ ਦਵਾਈਆਂ।
ਅੰਤ ਸਮੇਂ ਤੇ ਸਭ ਕੁਝ ਹਰ ਕੇ, ਪਾਉਂਦੇ ਹਾਲ- ਦੁਹਾਈਆਂ।
ਉਹੀ ਪਾਉਂਦੇ ਹਾਲ . . .

ਪੈਸੇ ਬਦਲੇ ਝੂਠ ਬੋਲਦੇ, ਪੈਸੇ ਬਾਝੋਂ ਮਰਦੇ
ਚੰਗੇ ਕੰਮਾਂ ਤੋਂ ਹੈ ਦੂਰੀ, ਸੱਚ ਕਦੇ ਨ੍ਹੀਂ ਜਰਦੇ,
ਖੁਦ ਨੂੰ ਮੰਨਦੇ ਬਹੁਤ ਸਿਆਣਾ, ਹੋਗੇ ਵਾਂਗ ਸੁਦਾਈਆਂ।
ਅੰਤ ਸਮੇਂ ਤੇ ਸਭ ਕੁਝ ਹਰ ਕੇ, ਪਾਉਂਦੇ ਹਾਲ- ਦੁਹਾਈਆਂ।
ਉਹੀ ਪਾਉਂਦੇ ਹਾਲ . . .

ਕਰ ਲੈ ਬੰਦਿਆ ਨੇਕ ਕਮਾਈ, ਕੰਮ ਨੇਕੀ ਨੇ ਆਉਣਾ
ਰਿਸ਼ਤੇਦਾਰਾਂ ਪਾਸਾ ਵੱਟਣਾ, ਕਿਸੇ ਨਾ ਸਾਥ ਨਿਭਾਉਣਾ,
'ਨਿਸ਼ਾਨ ਸਿਆਂ' ਗੱਲ ਪੱਲੇ ਬੰਨ ਲੈ, ਛੱਡ ਦੇ ਸਭ ਬੁਰਆਈਆਂ।
ਅੰਤ ਸਮੇਂ ਤੇ ਸਭ ਕੁਝ ਹਰ ਕੇ, ਪਾਉਂਦੇ ਹਾਲ- ਦੁਹਾਈਆਂ।
ਉਹੀ ਪਾਉਂਦੇ ਹਾਲ . . .।"

-0-

# ਦੁਨੀਆਦਾਰੀ

"ਉੱਚੀ ਕੋਠੀ ਪਾ ਕੇ ਸੱਜਣਾਂ
ਰੱਬ ਨੂੰ ਚੇਤੇ ਕਰੀਂ ਕਦੇ,
ਝੁੱਗੀਆਂ ਦੇ ਵਿੱਚ ਲੋਕੀਂ ਰਹਿ ਕੇ
ਨਾਮ ਖੁਦਾ ਦਾ ਲੈਂਦੇ ਨੇ,
ਇਸੇ ਨੂੰ ਹੀ ਫ਼ੇਰ ਦੋਸਤੋ
ਦੁਨੀਆਦਾਰੀ ਕਹਿੰਦੇ ਨੇ।

ਇੱਕ ਵਕਤ ਦੀ ਰੋਟੀ ਮਿਲ ਜੇ
ਲੱਖ- ਲੱਖ ਸ਼ੁਕਰ ਮਨਾਵਣ ਉਹ
ਪੀਜ਼ੇ, ਬਰਗਰ ਖਾ ਕੇ ਵੀ ਜੋ
ਰੱਬ ਨੂੰ ਤਾਹਨੇ ਦੇਂਦੇ ਨੇ,
ਇਸੇ ਨੂੰ ਹੀ ਫ਼ੇਰ ਦੋਸਤੋ
ਦੁਨੀਆਦਾਰੀ ਕਹਿੰਦੇ ਨੇ।

ਗ਼ਰਮੀ ਦੇ ਵਿੱਚ ਠੰਡ ਭਾਲਦੈ
ਠੰਡ ਵਿੱਚ ਗਰਮ ਹਵਾਵਾਂ ਉਹ,
ਪੋਹ ਦੀਆਂ ਰਾਤਾਂ, ਬਿਨ ਕੰਬਲ ਦੇ
ਹੱਸਕੇ ਜਿਹੜੇ ਸਹਿੰਦੇ ਨੇ,
ਇਸੇ ਨੂੰ ਹੀ ਫ਼ੇਰ ਦੋਸਤੋ
ਦੁਨੀਆਦਾਰੀ ਕਹਿੰਦੇ ਨੇ।

ਕੰਨਿਆ ਨੂੰ ਉਹ ਮੱਥੇ ਟੇਕਣ
ਸੀਸ ਝੁਕਾਵਣ ਲੱਖ ਵਾਰੀਂ,
ਸੜਕ ਤੇ ਔਰਤ ਬੇਪੱਤ ਹੁੰਦੀ
ਨਜ਼ਰ ਘੁਮਾ ਕੇ ਵੇਹੰਦੇ ਨੇ,
ਇਸੇ ਨੂੰ ਹੀ ਫ਼ੇਰ ਦੋਸਤੋ
ਦੁਨੀਆਦਾਰੀ ਕਹਿੰਦੇ ਨੇ।


www.PunjabiLibrary.com

ਵੱਡੀ ਕੋਠੀ ਪਾ ਕੇ ਜਿਸਨੇ
ਜੀਵਨ ਸਾਰਾ ਲਾ ਸੁੱਟਿਆ,
ਅੰਤ ਸਮੇਂ ਤੇ ਉਹੀ ਬੰਦੇ
ਦੁਖ- ਥਪੇੜੇ ਸਹਿੰਦੇ ਨੇ,
ਇਸੇ ਨੂੰ ਹੀ ਫ਼ੇਰ ਦੋਸਤੋ
ਦੁਨੀਆਦਾਰੀ ਕਹਿੰਦੇ ਨੇ।

ਦੁਨੀਆਂ ਜਿੱਤਣ ਖ਼ਾਤਰ ਜਿਸਨੇ
ਚੁੱਕੀ ਸੀ ਤਲਵਾਰ ਕਦੇ,
ਉਹ ਯੋਧੇ ਵੀ ਆਖ਼ਰ ਸੱਜਣੋਂ
ਸ਼ਮਸ਼ਾਨਾਂ ਵਿਚ ਢਹਿੰਦੇ ਨੇ
ਇਸੇ ਨੂੰ ਹੀ ਫ਼ੇਰ ਦੋਸਤੋ
ਦੁਨੀਆਦਾਰੀ ਕਹਿੰਦੇ ਨੇ।"
-0-


www.PunjabiLibrary.com

# ਸਿੱਖ ਦੀ ਸਿਫ਼ਤ

“ਜ਼ੁਲਮ ਦੇ ਸਾਹਵੇਂ ਖੜ੍ਹਨ ਵਾਲਾ
ਉਹ ਸਿੱਖ ਹੁੰਦਾ ਏ,
ਸੱਚ, ਧਰਮ ਤੇ ਅੜਨ ਵਾਲਾ
ਉਹ ਸਿੱਖ ਹੁੰਦਾ ਏ।

ਕਿਰਤ ਧਰਮ ਦੀ ਕਰਕੇ
ਮਨ ਨੂੰ ਨੀਵਾਂ ਰੱਖਦਾ ਜੋ,
ਮੱਤ ਉੱਚੀ ਦੇ ਖੜ੍ਹਨ ਵਾਲਾ
ਉਹ ਸਿੱਖ ਹੁੰਦਾ ਏ।

ਸਾਰੀ ਦੁਨੀਆਂ ਕਰਦੀ ਨਿੱਤ ਦਿਨ
ਮੰਦੇ ਕਰਮ ਨੇ ਕਿਉਂ?
ਸੱਚ ਮੰਦਰ ਵਿਚ ਵੜਨ ਵਾਲਾ
ਉਹ ਸਿੱਖ ਹੁੰਦਾ ਏ।

ਝੂਠ ਦੇ ਮਹਿਲਾਂ ਵਿਚ ਤਾਂ ਮਿੱਤਰੋ
ਹਰ ਕੋਈ ਜਾਣਾ ਲੋਚੇ ਪਰ
ਸੱਚ ਦੀ ਝੁੱਗੀ ਵੜਨ ਵਾਲਾ
ਉਹ ਸਿੱਖ ਹੁੰਦਾ ਏ।

ਮਜ਼ਲੂਮਾਂ ਤੇ ਜੁਲਮ ਜੋ ਹੁੰਦਾ
ਬਹੁਤੇ ਲੋਕ ਤਾਂ ਸਹਿ ਜਾਂਦੇ ਨੇ,
ਹੱਥ ਕਿਰਪਾਨ ਫੜਨ ਵਾਲਾ
ਉਹ ਸਿੱਖ ਹੁੰਦਾ ਏ।
ਸਾਹਿਬਾ ਦੇ ਲਈ ਮਿਰਜ਼ਾ ਮਰਿਆ
ਜੰਡ ਉਹ ਖ਼ਾਸ ਨਹੀਂ,
ਗੁਰ ਲਈ ਜੰਡ ਨਾਲ ਸੜਨ ਵਾਲਾ
ਉਹ ਸਿੱਖ ਹੁੰਦਾ ਏ।”

–0–


www.PunjabiLibrary.com

# ਹੀਰ ਦੀ ਬਿਰਹਾ

''ਸਈਓ ਮੇਰਾ ਦਿਲ ਨਹੀਂ ਲੱਗਦਾ
ਰਾਂਝਾ ਬਾਤ ਸੁਣਾਵੇ ਨਾ,
ਲਾਰੇ ਲਾਉਂਦਾ ਨਿੱਤ ਦਿਹਾੜੀ
ਪਰ ਉਹ ਦਰਸ ਦਿਖਾਵੇ ਨਾ।

ਇਸ਼ਕੇ ਨੇ ਮੈਨੂੰ ਕਮਲੀ ਕੀਤਾ
ਕੁਝ ਵੀ ਮਨ ਨੂੰ ਭਾਵੇ ਨਾ,
ਪੋਹ ਦੀਆਂ ਰਾਤਾਂ, ਨੀਂਦਾਂ ਉੱਡੀਆਂ
ਸਾਉਣ ਘਟਾ ਬਣ ਛਾਵੇ ਨਾ,
ਸਈਓ ਮੇਰਾ ਦਿਲ ਨਹੀਂ ਲੱਗਦਾ
ਰਾਂਝਾ ਬਾਤ . . .

ਹਰ ਵੇਲੇ ਰਾਂਝੇ ਦੀਆਂ ਸੋਚਾਂ
ਰੱਬ ਦਾ ਚੇਤਾ ਆਵੇ ਨਾ,
ਨਾਮ ਉਹਦੇ ਦੀ ਮਾਲਾ ਜਪਦੀ
ਫਿਰ ਵੀ ਫ਼ੇਰਾ ਪਾਵੇ ਨਾ,
ਸਈਓ ਮੇਰਾ ਦਿਲ ਨਹੀਂ ਲੱਗਦਾ
ਰਾਂਝਾ ਬਾਤ . . .

ਚੂਰੀ ਕੁੱਟ ਕੇ ਬੇਲੇ ਜਾਵਾਂ
ਪਰ ਉਹ ਮਾਹੀਆ ਖਾਵੇ ਨਾ,
ਹੀਰ ਬਣੀ ਇਹ ਜਿੰਦ ਨਿਮਾਣੀ
ਰਾਂਝਾ ਬਣ ਉਹ ਆਵੇ ਨਾ,
ਸਈਓ ਮੇਰਾ ਦਿਲ ਨਹੀਂ ਲੱਗਦਾ
ਰਾਂਝਾ ਬਾਤ . . .

ਰੱਬ ਤੋਂ ਪਹਿਲਾਂ ਉਸ ਨੂੰ ਚਾਹੁੰਦੀ
ਪਰ ਉਹ ਰਾਂਝਾ ਚਾਹਵੇ ਨਾ,
ਉਸਦੇ ਦਰਸ ਦੇ ਬਾਝੋਂ ਸਈਓ
ਜਿੰਦ ਕਿਤੇ ਮੁੱਕ ਜਾਵੇ ਨਾ,
ਸਈਓ ਮੇਰਾ ਦਿਲ ਨਹੀਂ ਲੱਗਦਾ
ਰਾਂਝਾ ਬਾਤ . . .।"

-0-


www.PunjabiLibrary.com

# ਜੋਗੀ

"ਮਨ ਆਪਣਾ ਸਮਝਾਇਆ ਜੋਗੀ
ਰੱਬ ਦੇ ਦਰ ਤੇ ਆਇਆ ਜੋਗੀ,
ਕੂੜ- ਕਬਾੜ ਇੱਕ ਪਾਸੇ ਰੱਖ ਕੇ
ਮਨ ਨੂੰ ਸਾਫ਼ ਕਰਾਇਆ ਜੋਗੀ।

ਜੱਗ ਦੇ ਤਾਹਣੇ ਸੁਣਕੇ ਆਖ਼ਰ
ਸੱਚਾ ਪਾਠ ਸੁਣਾਇਆ ਜੋਗੀ,
ਮਨ ਆਪਣਾ ਸਮਝਾਇਆ ਜੋਗੀ
ਰੱਬ ਦੇ ਦਰ ਤੇ . . .

ਜੰਗਲਾਂ ਦੇ ਵਿੱਚ ਹੇਠਾਂ ਬਹਿ ਕੇ
ਸੱਚਾ ਨਾਮ ਧਿਆਇਆ ਜੋਗੀ,
ਮਨ ਆਪਣਾ ਸਮਝਾਇਆ ਜੋਗੀ
ਰੱਬ ਦੇ ਦਰ ਤੇ . . .

ਮਨ ਨੂੰ ਨੀਵਾਂ ਕਰਕੇ ਸੱਜਣੋਂ
ਭਰਮ ਹਨੇਰ ਗੁਆਇਆ ਜੋਗੀ,
ਮਨ ਆਪਣਾ ਸਮਝਾਇਆ ਜੋਗੀ
ਰੱਬ ਦੇ ਦਰ ਤੇ . . .

ਹੋਰ ਦਰਾਂ ਨੂੰ ਛੱਡਕੇ ਮਿੱਤਰੋ
ਇੱਕੋ ਦਰ ਤੇ ਆਇਆ ਜੋਗੀ,
ਮਨ ਆਪਣਾ ਸਮਝਾਇਆ ਜੋਗੀ
ਰੱਬ ਦੇ ਦਰ ਤੇ . . .
ਤਨ ਦੇ ਜੋਗ ਨੂੰ ਧਾਰਨ ਕੀਤਾ
ਮਨ ਵੀ ਫ਼ੇਰ ਰੰਗਾਇਆ ਜੋਗੀ,
ਮਨ ਆਪਣਾ ਸਮਝਾਇਆ ਜੋਗੀ
ਰੱਬ ਦੇ ਦਰ ਤੇ . . .


www.PunjabiLibrary.com

ਝੂਠੀ ਦੁਨੀਆਂ ਦੇ ਵਿੱਚ ਸੱਜਣੋਂ
ਸੱਚਾ ਮੁਰਸ਼ਦ ਪਾਇਆ ਜੋਗੀ,
ਮਨ ਆਪਣਾ ਸਮਝਾਇਆ ਜੋਗੀ
ਰੱਬ ਦੇ ਦਰ ਤੇ . . .।"

-0-


www.PunjabiLibrary.com

# ਸ਼ਰਬਤ

"ਬਿਨ ਪਾਣੀ ਦੇ ਮਰਦੇ ਬੰਦੇ
ਐਵੇਂ ਸ਼ਰਬਤ ਡੁੱਲਦੇ ਦੇਖੇ,
ਸ਼ਮਸ਼ਾਨਾਂ ਤੱਕ ਯਾਰ ਨਿਭਾਂਗੇ
ਇੱਕ ਪਲ ਦੇ ਵਿੱਚ ਭੁੱਲਦੇ ਦੇਖੇ।

ਖ਼ਬਰੇ ਕਿਹੜੀ ਤਾਕਤ ਹੁੰਦੀ?
ਯਾਰ ਦੀ ਥਾਵੇਂ ਮਰਦੀ ਜੋ,
ਇਸ਼ਕੇ ਨੂੰ ਅਜ਼ਮਾ ਨਾ 'ਸੱਜਣਾਂ'
ਆਸ਼ਕ ਫ਼ਾਂਸੀ ਝੁੱਲਦੇ ਦੇਖੇ,
ਬਿਨ ਪਾਣੀ ਦੇ ਮਰਦੇ ਬੰਦੇ
ਐਵੇਂ ਸ਼ਰਬਤ ਡੁੱਲਦੇ ਦੇਖੇ,
ਸ਼ਮਸ਼ਾਨਾਂ ਤੱਕ ਯਾਰ ਨਿਭਾਂਗੇ
ਇੱਕ ਪਲ ਦੇ ਵਿੱਚ . . .

ਦੌਲਤ ਮਿਲਦੀ ਵਿੱਚ ਅਮੀਰੀ
ਰੱਬ ਦੀ ਰਹਿਮਤ ਹੋ ਜਾਂਦੀ ਏ,
ਵਿੱਚ ਗ਼ਰੀਬੀ ਫ਼ੇਰ ਉਹ ਬੰਦੇ
ਗਲੀਆਂ ਦੇ ਵਿੱਚ ਰੁਲਦੇ ਦੇਖੇ,
ਬਿਨ ਪਾਣੀ ਦੇ ਮਰਦੇ ਬੰਦੇ
ਐਵੇਂ ਸ਼ਰਬਤ ਡੁੱਲਦੇ ਦੇਖੇ,
ਸ਼ਮਸ਼ਾਨਾਂ ਤੱਕ ਯਾਰ ਨਿਭਾਂਗੇ
ਇੱਕ ਪਲ ਦੇ ਵਿੱਚ . . .

ਪਰਦੇ ਕਰਕੇ ਘਰ ਨੇ ਚੱਲਦੇ
ਬਹੁਤਾ ਬੋਲ ਨਾ ਸੱਜਣਾਂ ਓਏ,
ਚੁੱਪ- ਚਪੀਤੇ ਏਸ ਚੁਰਸਤੇ
ਸੱਚ ਦੇ ਪਰਦੇ ਖੁੱਲਦੇ ਦੇਖੇ,
ਬਿਨ ਪਾਣੀ ਦੇ ਮਰਦੇ ਬੰਦੇ


www.PunjabiLibrary.com

ਐਵੇਂ ਸ਼ਰਬਤ ਡੁੱਲਦੇ ਦੇਖੇ,
ਸ਼ਮਸ਼ਾਨਾਂ ਤੱਕ ਯਾਰ ਨਿਭਾਂਗੇ
ਇੱਕ ਪਲ ਦੇ ਵਿੱਚ . . .

ਤੇਰੇ ਕਰਕੇ ਜੀਵਨ ਸੱਜਣਾਂ
ਤੇਰੇ ਕਰਕੇ ਜਿੰਦੜੀ ਵੇ,
ਓਸ ਸੱਜਣ ਦੇ ਵਿਛੜਣ ਪਿੱਛੋਂ
ਇੱਕ ਪਲ ਬਾਅਦ ਹੀ ਭੁੱਲਦੇ ਦੇਖੇ,
ਬਿਨ ਪਾਣੀ ਦੇ ਮਰਦੇ ਬੰਦੇ
ਐਵੇਂ ਸ਼ਰਬਤ ਡੁੱਲਦੇ ਦੇਖੇ,
ਸ਼ਮਸ਼ਾਨਾਂ ਤੱਕ ਯਾਰ ਨਿਭਾਂਗੇ
ਇੱਕ ਪਲ ਦੇ ਵਿੱਚ . . .।"

-0-


www.PunjabiLibrary.com

# ਸੂਰਬੀਰ ਕੌਮਾਂ

''ਜੰਗਲਾਂ ਦੇ ਵਿੱਚ ਜਾ ਕੇ ਮਿੱਤਰੋ
ਭਗਤੀ ਨਹੀਂ ਹੁੰਦੀ,
ਡਰਪੋਕਾਂ ਤੇ ਕਾਇਰਾਂ ਕੋਲੇ
ਸ਼ਕਤੀ ਨਹੀਂ ਹੁੰਦੀ,
ਇੱਕ ਮਿਆਨ ਤੇ ਦੋ ਤਲਵਾਰਾਂ
ਕੱਠੀਆਂ ਹੋਵਣ ਨਾ,
ਸੂਰਬੀਰ ਜੋ ਕੌਮਾਂ ਹੁੰਦੀਆਂ
ਬਹਿ ਕੇ ਰੋਵਣ ਨਾ।

ਨਾਰੀ ਨੂੰ ਜੋ ਜੁੱਤੀ ਆਖ਼ਣ
ਇੱਜ਼ਤ ਕਰਦੇ ਨਾ,
ਬੱਦਲ ਵਾਂਗ ਨੇ ਗੱਜਦੇ ਪਰ
ਮੀਂਹ ਵਾਂਗਰ ਵਰ੍ਹਦੇ ਨਾ,
ਵੈਰੀ ਦਾ ਮੂੰਹ ਮੋੜ ਦੇਵਣ
ਵਿੱਚ ਸੁਪਨੇ ਸੋਵਣ ਨਾ,
ਇੱਕ ਮਿਆਨ ਤੇ ਦੋ ਤਲਵਾਰਾਂ
ਕੱਠੀਆਂ ਹੋਵਣ ਨਾ,
ਸੂਰਬੀਰ ਜੋ ਕੌਮਾਂ ਹੁੰਦੀਆਂ
ਬਹਿ ਕੇ . . .

ਥਾਂ- ਥਾਂ ਸਿਰ ਝੁਕਾਉਂਦੇ ਜੋ
ਇੱਕ ਦਰ ਤੇ ਬਹਿੰਦੇ ਨਾ,
ਮਾਂ ਸ਼ੇਰਨੀ ਦਾ ਦੁੱਧ ਪੀਤਾ
ਲੋਕ ਵੀ ਕਹਿੰਦੇ ਨਾ,
ਮਹਿਕ ਫੁੱਲਾਂ ਦੀ ਮਿਲਦੀ ਏ
ਜੋ ਕੰਡੇ ਬੋਵਣ ਨਾ,
ਇੱਕ ਮਿਆਨ ਤੇ ਦੋ ਤਲਵਾਰਾਂ
ਕੱਠੀਆਂ ਹੋਵਣ ਨਾ,


www.PunjabiLibrary.com

ਸੂਰਬੀਰ ਜੋ ਕੌਮਾਂ ਹੁੰਦੀਆਂ
ਬਹਿ ਕੇ . . .

ਹੱਥਾਂ ਦੀ ਇਸ ਸ਼ਕਤੀ ਨੂੰ
ਜੋ ਸੱਜਦਾ ਕਰਦੇ ਨਾ,
ਜੀਵਨ ਦੇ ਵਿੱਚ ਸਫ਼ਲ ਪੌੜੀਆਂ
ਕਦੇ ਵੀ ਚੜਦੇ ਨਾ,
ਮੱਥੇ ਲੱਗ ਜੇ ਦਾਗ਼ ਕਦੇ
ਜ਼ਿੰਦਗੀ ਭਰ ਧੋਵਣ ਨਾ,
ਇੱਕ ਮਿਆਨ ਤੇ ਦੋ ਤਲਵਾਰਾਂ
ਕੱਠੀਆਂ ਹੋਵਣ ਨਾ,
ਸੂਰਬੀਰ ਜੋ ਕੌਮਾਂ ਹੁੰਦੀਆਂ
ਬਹਿ ਕੇ . . .।"

-0-


www.PunjabiLibrary.com

# ਉਹ ਮਾਂ ਹੁੰਦੀ ਏ

"ਗਿਲੇ ਬਿਸਤਰ ਤੇ ਖ਼ੁਦ ਸੌਂ ਕੇ
ਪੁੱਤ ਨੂੰ ਸੁੱਕ ਪਾਵੇ,
ਉਹ ਮਾਂ ਹੁੰਦੀ ਏ।

ਆਪਣੇ ਤੋਂ ਵੱਧ ਜਿਹੜੀ ਮਿੱਤਰੋ
ਬਚੜੇ ਆਪਣੇ ਚਾਹਵੇ,
ਉਹ ਮਾਂ ਹੁੰਦੀ ਏ।

ਪੁੱਤ ਨੂੰ ਤੱਤੀ ਵਾਅ ਨਾ ਲੱਗੇ
ਝੁਲਸ ਭਾਵੇਂ ਖੁਦ ਜਾਵੇ,
ਉਹ ਮਾਂ ਹੁੰਦੀ ਏ।

ਸੱਚ, ਧਰਮ ਤੇ ਸ਼ੌਹਰਤ ਵਾਲਾ
ਚੰਗਾ ਪਾਠ ਪੜ੍ਹਾਵੇ,
ਉਹ ਮਾਂ ਹੁੰਦੀ ਏ।

ਸਦੀਆਂ ਤੋਂ ਵੱਧ ਜੀਵੇ ਪੁੱਤਰ
ਮੰਨਤਾਂ ਨਿੱਤ ਮਨਾਵੇ,
ਉਹ ਮਾਂ ਹੁੰਦੀ ਏ।

ਨਾਮ ਖ਼ੁਦਾ ਦਾ ਲੈਣ ਤੋਂ ਪਹਿਲਾਂ
ਧੀਆਂ- ਪੁੱਤ ਧਿਆਵੇ,
ਉਹ ਮਾਂ ਹੁੰਦੀ ਏ।
ਜ਼ਿੰਦਗੀ ਵਾਲੇ ਰਸਤੇ ਉੱਪਰ
ਪਹਿਲਾ ਕਦਮ ਤੁਰਾਵੇ,
ਉਹ ਮਾਂ ਹੁੰਦੀ ਏ।

ਬਚੜੇ ਰੋਟੀ ਖਾ ਕੇ ਸੋਵਣ
ਆਪ ਭੁੱਖੀ ਸੌਂ ਜਾਵੇ,
ਉਹ ਮਾਂ ਹੁੰਦੀ ਏ।"

-0-


www.PunjabiLibrary.com

# ਧੀਆਂ

"ਧੀ- ਧਿਆਣੀ ਵੱਧਦੀ ਜਾਵੇ
ਮਾਂ ਨੂੰ ਫ਼ਿਕਰ ਸਤਾਵੇ,
ਹਰ ਵੇਲੇ ਉਹ ਸੋਚਾਂ ਸੋਚੇ
ਛੇਤੀ ਘਰ ਮੁੜ ਆਵੇ।

ਘਰ ਦੀਆਂ ਕੰਧਾਂ ਨਿੱਕੀਆਂ ਜਾਪਣ
ਬੇਟੀ ਵੱਧਦੀ ਜਾਵੇ,
ਆਉਂਦੇ- ਜਾਂਦੇ ਲੋਕੀਂ ਤੱਕਦੇ
ਦਿਲ ਨੂੰ ਫ਼ਿਕਰ ਸਤਾਵੇ।

ਬਾਬੁਲ ਦੀ ਪੱਗ ਸਾਂਭੀ ਧੀਏ
ਪੈਰੀਂ ਨਾ ਰੁਲ ਜਾਵੇ,
ਵਿੱਚ ਗ਼ਰੀਬੀ ਧੀਆਂ ਦੇਵੇਂ
ਰੱਬਾ ਲਾਜ ਨਾ ਆਵੇ?

ਥਾਂ- ਥਾਂ ਤੇ ਅੱਜ ਹੁੰਦੇ ਹਮਲੇ
ਕਿਹੜਾ ਲਾਜ ਬਚਾਵੇ?
ਸੁੱਟ ਤੇਜ਼ਾਬ ਸਾੜਤੀ ਬੇਟੀ
ਦਾਤਾ ਤਰਸ ਨਾ ਆਵੇ?

ਜਿਸ ਘਰ ਦੇ ਵਿੱਚ ਬੇਟੀ ਹੁੰਦੀ
ਬਾਬੁਲ ਜੁਗਤ ਬਨਾਵੇ,
ਦਾਜ- ਦਹੇਜ ਦੀ ਖ਼ਾਤਰ ਕਿੱਧਰੇ
ਸੂਲੀ ਨਾ ਚੜ ਜਾਵੇ।
ਹੱਥ ਜੋੜ ਅਰਦਾਸ ਹਾਂ ਕਰਦੇ
ਧੀ ਸੁਖੀ ਵੱਸ ਜਾਵੇ,
ਧਾਤਾ ਕੰਧਾਂ ਉੱਚੀਆਂ ਹੋਵਣ
ਜਿਸ ਘਰ ਵੀ ਧੀ ਆਵੇ,
ਜਿਸ ਘਰ ਵੀ. . .।"

-0-


www.PunjabiLibrary.com

# ਪਰਦੇਸੀ ਮਾਹੀ

‘‘ਬਾਹਾਂ ਦੇ ਵਿੱਚ ਬਾਹਾਂ ਪਾ ਕੇ
ਸੱਜਣ ਸੁਪਨੇ ਦੇ ਵਿੱਚ ਆ ਕੇ,
ਬਾਤਾਂ ਮਿੱਠੀਆਂ ਪਾ ਗਿਆ ਨੀ
ਚੰਦਰਾ ਤੁਰ ਪਰਦੇਸ ਗਇਓ ਪਰ
ਰੋਗ ਅਵੱਲਾ ਲਾ ਗਿਆ ਨੀ
ਚੰਦਰਾ ਤੁਰ ਪਰਦੇਸ ਗਇਓ . . .

ਪਿਆਰ ਕਰਨ ਦੀਆਂ ਰੁੱਤਾਂ ਲੰਘੀਆਂ
ਮਿਲ ਜੇ ਉਹ, ਦੁਆਵਾਂ ਮੰਗੀਆਂ,
ਪਰ ਉਹ ਲਾਰਾ ਲਾ ਗਿਆ ਨੀ
ਚੰਦਰਾ ਤੁਰ ਪਰਦੇਸ ਗਇਓ ਪਰ
ਰੋਗ ਅਵੱਲਾ ਲਾ ਗਿਆ ਨੀ
ਚੰਦਰਾ ਤੁਰ ਪਰਦੇਸ ਗਇਓ . . .

ਪਲ– ਪਲ ਮੈਂ ਤਾਂ ਮਰਦੀ ਜਾਵਾਂ
ਵਿੱਚ ਵਿਛੋੜੇ ਭਰਦੀ ਆਹਾਂ,
ਬੁੱਤ ‘ ਚੋਂ ਕੱਢ ਲੈ ਸਾਹ ਗਿਆ ਨੀ
ਚੰਦਰਾ ਤੁਰ ਪਰਦੇਸ ਗਇਓ ਪਰ
ਰੋਗ ਅਵੱਲਾ ਲਾ ਗਿਆ ਨੀ
ਚੰਦਰਾ ਤੁਰ ਪਰਦੇਸ ਗਇਓ . . .

ਉਸਦੀ ਦੀਦ ਨੂੰ ਅੱਖੀਆਂ ਤਰਸਣ
ਨੈਣਾਂ ਤੋਂ ਨਿੱਤ ਝੜੀਆਂ ਵਰਸਣ,
ਜਿੰਦ ਬਿਰਹਾ ਵੱਸ ਪਾ ਗਿਆ ਨੀ
ਚੰਦਰਾ ਤੁਰ ਪਰਦੇਸ ਗਇਓ ਪਰ
ਰੋਗ ਅਵੱਲਾ ਲਾ ਗਿਆ ਨੀ
ਚੰਦਰਾ ਤੁਰ ਪਰਦੇਸ ਗਇਓ . . .


www.PunjabiLibrary.com

ਰਾਤ ਦਿਨੇ ਬੱਸ ਹਉਕੇ ਭਰਦੀ
ਉਸ ਬਾਝੋਂ ਜਿੰਦ ਜਾਵੇ ਮਰਦੀ,
ਮੁੱਖੜਾ ਦਿਲ ਵਿੱਚ ਛਾ ਗਿਆ ਨੀ
ਚੰਦਰਾ ਤੁਰ ਪਰਦੇਸ ਗਇਓ ਪਰ
ਰੋਗ ਅਵੱਲਾ ਲਾ ਗਿਆ ਨੀ
ਚੰਦਰਾ ਤੁਰ ਪਰਦੇਸ ਗਇਓ . . .।"

-0-


www.PunjabiLibrary.com

# ਵਡਿਆਈ ਸਤਿਗੁਰ ਦੀ

‘‘ਤੇਰਾ ਅੰਤ ਨਹੀਂ ਪਾਇਆ ਦਾਤਾ
ਤੇਰਾ ਅੰਤ ਨਹੀਂ ਪਾਇਆ,
ਦਰ ਤੇਰੇ ਤੋਂ ਮੁੜਦਾ ਕੋਈ ਨਾ
ਜੋ ਸ਼ਰਧਾ ਸੰਗ ਆਇਆ।

ਵਿੱਚ ਦੁੱਖਾਂ ਦੇ ਚੇਤੇ ਕਰਦੇ
ਸੁੱਖ ਵਿੱਚ ਦਿਲੋਂ ਭੁਲਾਇਆ,
ਸਭ ਇੱਛਾਵਾਂ ਹੋਵਣ ਪੂਰਨ
ਜਿਸਨੇ ਮਨੋਂ ਧਿਆਇਆ,
ਤੇਰਾ ਅੰਤ ਨਹੀਂ ਪਾਇਆ ਦਾਤਾ
ਤੇਰਾ ਅੰਤ ਨਹੀਂ ਪਾਇਆ,
ਦਰ ਤੇਰੇ ਤੋਂ ਮੁੜਦਾ ਕੋਈ ਨਾ
ਜੋ ਸ਼ਰਧਾ ਸੰਗ . . .

ਮਿਹਰਾਂ ਦਾ ਤੂੰ ਸਤਿਗੁਰ ਦਾਤਾ
ਜੱਗ ਨੂੰ ਚਰਨੀਂ ਲਾਇਆ,
ਦੁਨੀਆਂ ਦੇ ਵਿੱਚ ਅਮਨ ਸ਼ਾਂਤੀ
ਅਸਾਂ ਤਾਂ ਇਹੀ ਚਾਹਿਆ,
ਤੇਰਾ ਅੰਤ ਨਹੀਂ ਪਾਇਆ ਦਾਤਾ
ਤੇਰਾ ਅੰਤ ਨਹੀਂ ਪਾਇਆ,
ਦਰ ਤੇਰੇ ਤੋਂ ਮੁੜਦਾ ਕੋਈ ਨਾ
ਜੋ ਸ਼ਰਧਾ ਸੰਗ . . .

ਦੁਖੀਆਂ ਦੀ ਤੂੰ ਝੋਲੀ ਭਰਦਾ
ਨਾਲ ਸੱਚੇ ਮਨ ਧਿਆਇਆ,
ਮਨ ਤੋਂ ਸਭ ਕੁੱਝ ਵਿਸਰਿਆ ਦਾਤਾ
ਤੇਰੇ ਚਰਨੀਂ ਲਾਇਆ,
ਤੇਰਾ ਅੰਤ ਨਹੀਂ ਪਾਇਆ ਦਾਤਾ


www.PunjabiLibrary.com

ਤੇਰਾ ਅੰਤ ਨਹੀਂ ਪਾਇਆ,
ਦਰ ਤੇਰੇ ਤੋਂ ਮੁੜਦਾ ਕੋਈ ਨਾ
ਜੋ ਸ਼ਰਧਾ ਸੰਗ . . .

ਜੀਵ- ਜੰਤੂਆਂ ਰੁੱਖਾਂ- ਪੱਥਰਾਂ
ਸਭ ਨੂੰ ਤੂਹੀ ਬਣਾਇਆ,
ਮਿਹਰਾਂ ਦਾ ਹੱਥ ਰੱਖਿਆ ਸਿਰ ਤੇ
ਤਾਂ ਤੇਰਾ ਜੱਸ ਗਾਇਆ,
ਤੇਰਾ ਅੰਤ ਨਹੀਂ ਪਾਇਆ ਦਾਤਾ
ਤੇਰਾ ਅੰਤ ਨਹੀਂ ਪਾਇਆ,
ਦਰ ਤੇਰੇ ਤੋਂ ਮੁੜਦਾ ਕੋਈ ਨਾ
ਜੋ ਸ਼ਰਧਾ ਸੰਗ . . .।"

-0-


www.PunjabiLibrary.com

# ਸ਼ਹਿਰ ਤੇਰਾ

''ਸ਼ਹਿਰ ਤੇਰਾ ਅੱਜ ਛੱਡ ਕੇ
ਜਾਣਾ ਦੂਰ ਕੁੜੇ,
ਮੁੜ- ਮੁੜ ਚੇਤੇ ਆਉਣਾ
ਅਸਾਂ ਜ਼ਰੂਰ ਕੁੜੇ।

ਕੱਲੀ ਬਹਿ ਕੇ ਸੋਚੀਂ
ਕਦੇ ਤਾਂ ਇਹ ਬਾਤਾਂ,
ਆਪਣਾ ਨਜ਼ਰ ਆਊ
ਤੈਨੂੰ ਕਸੂਰ ਕੁੜੇ,
ਸ਼ਹਿਰ ਤੇਰਾ ਅੱਜ ਛੱਡ ਕੇ
ਜਾਣਾ ਦੂਰ ਕੁੜੇ,
ਮੁੜ- ਮੁੜ ਚੇਤੇ ਆਉਣਾ
ਅਸਾਂ ਜ਼ਰੂਰ . . .

ਪਹਿਲੀ ਮਿਲਣੀ ਇਸ਼ਕ
ਹੈ ਚੜਦਾ ਜੋਬਨ ਤੇ,
ਰੋਮ- ਰੋਮ ਵਿੱਚ ਵੱਸਿਆ
ਤੇਰੇ ਸਰੂਰ ਕੁੜੇ,
ਸ਼ਹਿਰ ਤੇਰਾ ਅੱਜ ਛੱਡ ਕੇ
ਜਾਣਾ ਦੂਰ ਕੁੜੇ,
ਮੁੜ- ਮੁੜ ਚੇਤੇ ਆਉਣਾ
ਅਸਾਂ ਜ਼ਰੂਰ . . .
ਚੁੱਪ- ਚਪੀਤੇ ਅੱਖੀਆਂ
ਕਦੋਂ ਸੀ ਜਾ ਲੜੀਆਂ?
ਸ਼ਹਿਰ, ਬਸਤੀਆਂ ਦੇ ਵਿੱਚ
ਹਾਂ ਮਸ਼ਹੂਰ ਕੁੜੇ,
ਸ਼ਹਿਰ ਤੇਰਾ ਅੱਜ ਛੱਡ ਕੇ
ਜਾਣਾ ਦੂਰ ਕੁੜੇ,


www.PunjabiLibrary.com

ਮੁੜ- ਮੁੜ ਚੇਤੇ ਆਉਣਾ
ਅਸਾਂ ਜ਼ਰੂਰ. . .

ਟੁੱਟੀਆਂ ਤੰਦਾਂ ਪਿਆਰ ਦੀਆਂ
ਕਦੇ ਜੁੜੀਆਂ ਨਾ,
ਇਸ਼ਕ ਦਾ ਬੂਟਾ ਵੱਢਿਆ
ਤੇਰੇ ਗਰੂਰ ਕੁੜੇ,
ਸ਼ਹਿਰ ਤੇਰਾ ਅੱਜ ਛੱਡ ਕੇ
ਜਾਣਾ ਦੂਰ ਕੁੜੇ,
ਮੁੜ- ਮੁੜ ਚੇਤੇ ਆਉਣਾ
ਅਸਾਂ ਜ਼ਰੂਰ. . .।"

-0-


www.PunjabiLibrary.com

# ਦਿਲ ਦੀਆਂ ਸਧਰਾਂ

‘‘ਰਹਿੰਦੇ ਹਾਂ ਅੱਜ ਵਿੱਚ ਵਿਦੇਸ਼ਾਂ
ਦਿਲ ਤਾਂ ਪਿੰਡ ਵਿੱਚ ਵੱਸਦਾ ਹੈ,
ਅੱਖੀਆਂ ਰੋਵਣ, ਝੜੀਆਂ ਲਾ ਕੇ
ਮੁੱਖੜਾ ਉੱਪਰੋਂ ਹੱਸਦਾ ਹੈ,
ਪਰਦੇਸੀ ਦੇ ਦਿਲ ਦੀਆਂ ਸੱਧਰਾਂ
ਕੱਲੀਆਂ- ਕੱਲੀਆਂ ਟੁੱਟੀਆਂ ਨੇ,
ਡਾਲਰ, ਪੌਂਡਾਂ, ਘਰ ਦੀਆਂ ਮੰਗਾਂ
ਮੇਲੇ, ਮੌਜਾਂ ਲੁੱਟੀਆਂ ਨੇ,
ਸਾਥੋਂ ਮੇਲੇ, ਮੌਜਾਂ ਲੁੱਟੀਆਂ . . .

ਅੱਜ ਮਾਂ ਦੇ ਹੱਥਾਂ ਦੇ ਰੋਟੀ
ਮੁੜ- ਮੁੜ ਚੇਤੇ ਆਉਂਦੀ ਹੈ,
ਬੀਅਰ ਪੈਪਸੀ ਕਿੱਥੇ ਸੱਜਣੋਂ
ਰੂਹ ਦੀ ਪਿਆਸ ਬੁਝਾਉਂਦੀ ਹੈ?
ਬਚਪਣ ਦੇ ਯਾਰਾਂ ਸੰਗ ਖੇਡੇ
ਯਾਦਾਂ ਦਿਲ ਵਿੱਚ ਲੁੱਕੀਆਂ ਨੇ,
ਪਰਦੇਸੀ ਦੇ ਦਿਲ ਦੀਆਂ ਸੱਧਰਾਂ
ਕੱਲੀਆਂ- ਕੱਲੀਆਂ ਟੁੱਟੀਆਂ ਨੇ,
ਡਾਲਰ, ਪੌਂਡਾਂ, ਘਰ ਦੀਆਂ ਮੰਗਾਂ
ਮੇਲੇ, ਮੌਜਾਂ ਲੁੱਟੀਆਂ ਨੇ,
ਸਾਥੋਂ ਮੇਲੇ, ਮੌਜਾਂ ਲੁੱਟੀਆਂ . . .
ਅੱਲੜ੍ਹ ਉੱਮਰੇ ਦਿਲ ਸੀ ਲਾਇਆ
ਚੇਤੇ ਆ, ਰੁਆ ਜਾਂਦਾ,
ਪੈਸਾ, ਦੌਲਤ, ਸ਼ੋਹਰਤ ਦੇ ਕੇ
ਖ਼ਬਰੇ ਵਕਤ ਉਹ ਆ ਜਾਂਦਾ,
ਕਿਸ ਹੱਥ ਕੀ ਸੀ, ਪਤਾ ਨ੍ਹੀਂ ਚੱਲਿਆ
ਘੁੱਟੀਆਂ ਉਸਨੇ ਮੁੱਠੀਆਂ ਨੇ,
ਪਰਦੇਸੀ ਦੇ ਦਿਲ ਦੀਆਂ ਸੱਧਰਾਂ


www.PunjabiLibrary.com

ਕੱਲੀਆਂ- ਕੱਲੀਆਂ ਟੁੱਟੀਆਂ ਨੇ,
ਡਾਲਰ, ਪੌਂਡਾਂ, ਘਰ ਦੀਆਂ ਮੰਗਾਂ
ਮੇਲੇ, ਮੌਜਾਂ ਲੁੱਟੀਆਂ ਨੇ,
ਸਾਥੋਂ ਮੇਲੇ, ਮੌਜਾਂ ਲੁੱਟੀਆਂ . . .

ਲੜ- ਲੜ ਕੇ ਜੋ ਤਾਹਣੇ ਦੇਵਣ
ਚੇਤੇ ਆਵਣ ਭਰਜਾਈਆਂ,
ਵਿੱਚ ਵਿਦੇਸ਼ਾਂ ਕੱਲੇ ਘੁੰਮਦੇ
ਘੁੰਮਦੇ ਵਾਂਗ ਹਾਂ ਸੁਦਾਈਆਂ,
ਓਸ ਸਮੇਂ ਨੂੰ ਹੱਥੀਂ ਫੜ ਲਾਂ
ਦੱਬ ਕੇ ਘੁੱਟੀਆਂ ਮੁੱਠੀਆਂ ਨੇ
ਪਰਦੇਸੀ ਦੇ ਦਿਲ ਦੀਆਂ ਸੱਧਰਾਂ
ਕੱਲੀਆਂ- ਕੱਲੀਆਂ ਟੁੱਟੀਆਂ ਨੇ,
ਡਾਲਰ, ਪੌਂਡਾਂ, ਘਰ ਦੀਆਂ ਮੰਗਾਂ
ਮੇਲੇ, ਮੌਜਾਂ ਲੁੱਟੀਆਂ ਨੇ,
ਸਾਥੋਂ ਮੇਲੇ, ਮੌਜਾਂ ਲੁੱਟੀਆਂ . . .।"

-0-


www.PunjabiLibrary.com

# ਰੂਹ ਦਾ ਦਰਦ

"ਰੂਹ ਦਾ ਦਰਦ ਕੀ ਜਾਨਣ ਲੋਕ
ਖ਼ਾਕ ਪਿੰਡੇ ਦੀ ਛਾਣਨ ਲੋਕ,
ਵਿੱਚ ਦੁੱਖਾਂ ਦੇ ਹਾਲ ਨਾ ਪੁੱਛਦੇ
ਸੁੱਖ ਦੀ ਸੰਗਤ ਮਾਨਣ ਲੋਕ।

ਆਪਣਾ ਜੀਵਨ ਵਿੱਚ ਹਨੇਰੇ
ਦੂਜੇ ਲਈ ਪਰ ਚਾਨਣ ਲੋਕ,
ਦਿਲ ਸੰਗ ਦਿਲ ਨੂੰ ਮਿਲਣ ਨਾ ਦੇਵਣ
ਐਸੀ ਜੁਗਤੀ ਜਾਨਣ ਲੋਕ।"

-0-

# ਤੇਰੇ ਕਰਕੇ ਸੱਜਣਾਂ ਵੇ

"ਪੀਰਾਂ ਨੂੰ ਨਿੱਤ ਸਜਦੇ ਕਰਦੀ
ਤੇਰੇ ਕਰਕੇ ਸੱਜਣਾਂ ਵੇ,
ਹਰ ਵੇਲੇ ਜਿੰਦ ਹਉਕੇ ਭਰਦੀ
ਤੇਰੇ ਕਰਕੇ ਸੱਜਣਾਂ ਵੇ।

ਤੂੰ ਤਾਂ ਪਾਸਾ ਵੱਟ ਕੇ ਲੰਘ ਗਇਓ
ਜਿੰਦ ਨਿਮਾਣੀ ਸੂਲੀ ਟੰਗ ਗਇਓ,
ਬਿਰਹਾ ਦਾ ਡੰਗ, ਦਿਲ ਤੇ ਜਰਦੀ
ਤੇਰੇ ਕਰਕੇ ਸੱਜਣਾਂ ਵੇ,
ਹਰ ਵੇਲੇ ਜਿੰਦ ਹਉਕੇ ਭਰਦੀ
ਤੇਰੇ ਕਰਕੇ ਸੱਜਣਾਂ ਵੇ।

ਇਸ਼ਕ ਤੇਰੇ ਨੇ ਕਮਲੀ ਕੀਤਾ
ਜ਼ਹਿਰ ਪਿਆਲਾ ਚੁੱਪ ਕਰ ਪੀਤਾ,
ਹਰ ਪਲ ਜਿੰਦ ਨਿਮਾਣੀ ਮਰਦੀ
ਤੇਰੇ ਕਰਕੇ ਸੱਜਣਾਂ ਵੇ,
ਹਰ ਵੇਲੇ ਜਿੰਦ ਹਉਕੇ ਭਰਦੀ
ਤੇਰੇ ਕਰਕੇ ਸੱਜਣਾਂ ਵੇ।

ਆਉਣ ਤੇਰੇ ਦੀਆਂ ਤਾਂਘਾਂ ਲੱਗੀਆਂ
ਦਿਲ ਭੋਲੇ ਸੰਗ ਕਰ ਗਇਓ ਠੱਗੀਆਂ,
ਹੁਣ ਇਹ ਸੋਚਾਂ, ਇਸ਼ਕ ਨਾ ਕਰਦੀ
ਤੇਰੇ ਕਰਕੇ ਸੱਜਣਾਂ ਵੇ,
ਹਰ ਵੇਲੇ ਜਿੰਦ ਹਉਕੇ ਭਰਦੀ
ਤੇਰੇ ਕਰਕੇ ਸੱਜਣਾਂ ਵੇ।"

-0-


www.PunjabiLibrary.com

# ਕਰਾਮਾਤੀ ਬਾਬੇ

"ਡੇਰੇ ਉੱਤੇ, ਜਾ ਕੇ ਮੈਂ ਤਾਂ
ਮੰਨਤਾਂ ਖੂਬ, ਮਨਾਈਆਂ ਵੇ,
ਨਜ਼ਰ ਸਵੱਲੀ, ਕਰ ਦੇ ਸਾਂਈਆਂ
ਦਰ ਤੇਰੇ ਤੇ, ਆਈਆਂ ਵੇ।

ਇੱਕ ਪੁੱਤਰ ਦੀ ਦਾਤ ਦੇ ਦਿਓ
ਤੂੰ ਮਿਹਰਾਂ ਦਿਆ ਸਾਂਈਆਂ ਵੇ,
ਹੋਰ ਪ੍ਰੀਤਾਂ, ਟੁੱਟੀਆਂ ਸਭ ਨੇ
ਤੇਰੇ ਸੰਗ, ਲਗਾਈਆਂ ਵੇ,
ਡੇਰੇ ਉੱਤੇ, ਜਾ ਕੇ ਮੈਂ ਤਾਂ
ਮੰਨਤਾਂ ਖੂਬ . . .

ਮੰਦਰ, ਮਸਜਦ, ਬਾਬੇ, ਦੇਵੀ
ਹਰ ਵੇਲੇ ਨੇ, ਧਿਆਈਆਂ ਵੇ,
ਖੁਸ਼ੀਆਂ ਦੇ ਸੰਗ, ਭਰੀ ਨਾ ਝੋਲੀ
ਨਾ ਉਹ ਘੜੀਆਂ, ਆਈਆਂ ਵੇ,
ਡੇਰੇ ਉੱਤੇ, ਜਾ ਕੇ ਮੈਂ ਤਾਂ
ਮੰਨਤਾਂ ਖੂਬ . . .

ਬਾਬੇ, ਸਿਰ ਤੇ ਹੱਥ ਫ਼ੇਰਿਆ
ਤੂੰ ਡਾਢਾ ਦੁੱਖ ਪਾਇਆ ਨੀਂ,
ਸਾਕ ਸ਼ਰੀਕੇ ਦੇ ਹੀ ਵਿੱਚੋਂ
ਤੈਨੂੰ, ਕਿਸੇ ਖਵਾਇਆ ਨੀਂ।
ਬਾਬੇ, ਸਿਰ ਤੇ ਹੱਥ ਫ਼ੇਰਿਆ
ਤੂੰ ਡਾਢਾ ਦੁੱਖ . . .


www.PunjabiLibrary.com

ਤੇਰੇ ਘਰ ਵਿੱਚ, ਬਾਲ ਨਾ ਹੋਵੇ
ਐਸਾ, ਮੰਤਰ ਪੜਾਇਆ ਨੀਂ,
ਸੰਤਾਂ ਦੇ, ਹੋ ਨੇੜੇ ਬਹਿ ਜਾ
ਤਰਸ ਤੇਰੇ ਤੇ ਆਇਆ ਨੀਂ,
ਬਾਬੇ, ਸਿਰ ਤੇ ਹੱਥ ਫ਼ੇਰਿਆ
ਤੂੰ ਡਾਢਾ ਦੁੱਖ . . .

ਜ਼ਿੰਦਗੀ ਭਰ ਲਈ, ਹੋਵੇਂ ਸਾਡੀ
ਐਸਾ, ਪਾਠ ਪੜਾਇਆ ਨੀਂ,
ਅਗਲੇ ਸਾਲ ਨੂੰ ਪੁੱਤ ਖਿਡਾਈਂ
ਸੰਤਾਂ, ਕੋਲ ਬਿਠਾਇਆ ਨੀਂ,
ਬਾਬੇ, ਸਿਰ ਤੇ ਹੱਥ ਫ਼ੇਰਿਆ
ਤੂੰ ਡਾਢਾ ਦੁੱਖ . . .।"

-0-


www.PunjabiLibrary.com

# ਕੀ ਕਰਨਾ ਮੈਂ ਧਰਮਾਂ ਦਾ ?

"ਬੰਦੇ ਨਾਲੋਂ ਬੰਦਾ ਟੁੱਟਿਆ
ਕੀ ਕਰਨਾ ਮੈਂ ਧਰਮਾਂ ਦਾ ?
ਦਿਨੇ- ਦੁਪਹਿਰੇ ਮੰਦਰ ਲੁੱਟਿਆ
ਕੀ ਕਰਨਾ ਮੈਂ ਧਰਮਾਂ ਦਾ ?

ਕੁੱਤਾ ਕਾਰਾਂ ਦੇ ਵਿੱਚ ਘੁੰਮਦਾ
ਬਿਸਕੁਟ, ਮੈਗੀ ਖਾਂਧਾ ਪਰ
ਬੰਦਾ ਨਾਲੀ ਦੇ ਵਿੱਚ ਸੁੱਟਿਆ
ਕੀ ਕਰਨਾ ਮੈਂ ਧਰਮਾਂ ਦਾ ?
ਦਿਨੇ- ਦੁਪਹਿਰੇ ਮੰਦਰ ਲੁੱਟਿਆ
ਕੀ ਕਰਨਾ ਮੈਂ ਧਰਮਾਂ ਦਾ ?

ਹਰ ਵੇਲੇ ਬੱਸ ਪੂਜਣ ਪੈਸਾ
ਮਾਨਵਤਾ ਦੀ ਗੱਲ ਨਹੀਂ,
ਪੁੰਨ ਨਾਲ ਜਾਂ ਹੋਵੇ ਲੁੱਟਿਆ
ਕੀ ਕਰਨਾ ਮੈਂ ਧਰਮਾਂ ਦਾ ?
ਦਿਨੇ- ਦੁਪਹਿਰੇ ਮੰਦਰ ਲੁੱਟਿਆ
ਕੀ ਕਰਨਾ ਮੈਂ ਧਰਮਾਂ ਦਾ ?

ਜੰਗਲ ਬੇਲੇ ਸਾੜ ਦਿੱਤੇ ਸਭ
ਰੁੱਖ ਕੋਈ ਨਜ਼ਰੀਂ ਪੈਂਦਾ ਨਾ,
ਵਾਤਾਵਰਣ ਦਾ ਗਲ੍ਹ ਹੈ ਘੁੱਟਿਆ
ਕੀ ਕਰਨਾ ਮੈਂ ਧਰਮਾਂ ਦਾ ?
ਦਿਨੇ- ਦੁਪਹਿਰੇ ਮੰਦਰ ਲੁੱਟਿਆ
ਕੀ ਕਰਨਾ ਮੈਂ ਧਰਮਾਂ ਦਾ ?

ਕੰਨਿਆ ਪੂਜਣ, ਮੱਥੇ ਟੇਕਣ
ਆਖਣ ਪੂਜਣਯੋਗ ਹੈ ਇਹ,
ਭਰੂਣ ਨੂੰ ਕੂੜੇ ਉੱਪਰ ਸੁੱਟਿਆ
ਕੀ ਕਰਨਾ ਮੈਂ ਧਰਮਾਂ ਦਾ ?
ਦਿਨੇ- ਦੁਪਹਿਰੇ ਮੰਦਰ ਲੁੱਟਿਆ
ਕੀ ਕਰਨਾ ਮੈਂ ਧਰਮਾਂ ਦਾ?"

-0-

# ਮਾਨਵਤਾ ਦੀ ਮੌਤ

"ਲਾਸ਼ ਦੇ ਉੱਤੋਂ ਲੰਘਦੇ ਲੋਕ
ਭੋਰਾ ਵੀ ਨਾ ਸੰਗਦੇ ਲੋਕ,
ਅੰਤਮ ਸਾਹਾਂ ਲੈਂਦੇ ਨੂੰ ਵੀ
ਸੂਲੀ ਉੱਤੇ ਟੰਗਦੇ ਲੋਕ।

ਸੜਕ ਕਿਨਾਰੇ ਤੜਫ਼ੇ ਬੰਦਾ
ਚੁੱਪ- ਚਪੀਤੇ ਲੰਘਦੇ ਲੋਕ,
ਰੱਬਾ, ਕੂੜਾ- ਕਚਰਾ ਭਰਿਆ
ਭੇਜੇ ਨ੍ਹੀਂ ਪਰ ਢੰਗ ਦੇ ਲੋਕ,
ਲਾਸ਼ ਦੇ ਉੱਤੋਂ ਲੰਘਦੇ ਲੋਕ
ਭੋਰਾ ਵੀ ਨਾ ਸੰਗਦੇ ਲੋਕ,
ਅੰਤਮ ਸਾਹਾਂ ਲੈਂਦੇ ਨੂੰ ਵੀ
ਸੂਲੀ ਉੱਤੇ ਟੰਗਦੇ . . .

ਜ਼ਿੰਮੇਵਾਰੀ ਕੋਈ ਨ੍ਹੀਂ ਚਾਹੁੰਦਾ
ਹੱਕ ਆਪਣੇ ਮੰਗਦੇ ਲੋਕ,
'ਸ਼ਾਂਤ ਰਹੋ' ਦਾ ਬੋਰਡ ਤੱਕ ਕੇ
ਜਾਣਬੁੱਝ ਕੇ ਖੰਗਦੇ ਲੋਕ,
ਲਾਸ਼ ਦੇ ਉੱਤੋਂ ਲੰਘਦੇ ਲੋਕ
ਭੋਰਾ ਵੀ ਨਾ ਸੰਗਦੇ ਲੋਕ,
ਅੰਤਮ ਸਾਹਾਂ ਲੈਂਦੇ ਨੂੰ ਵੀ
ਸੂਲੀ ਉੱਤੇ ਟੰਗਦੇ . . .

ਸੱਚੇ ਪਿਆਰ ਦੇ ਕਿੱਸੇ ਸੁਣ ਕੇ
ਸੱਚੀਂ ਮਿੱਤਰੋ ਤੰਗ ਨੇ ਲੋਕ,
ਰੂਹ ਦੇ ਦਰਦ ਨੂੰ ਕੋਈ ਨਾ ਜਾਣੇ
ਗਾਹਕ ਨੇ ਪਰ ਚੰਮ ਦੇ ਲੋਕ,
ਲਾਸ਼ ਦੇ ਉੱਤੋਂ ਲੰਘਦੇ ਲੋਕ
ਭੋਰਾ ਵੀ ਨਾ ਸੰਗਦੇ ਲੋਕ,
ਅੰਤਮ ਸਾਹਾਂ ਲੈਂਦੇ ਨੂੰ ਵੀ
ਸੂਲੀ ਉੱਤੇ ਟੰਗਦੇ. . .।"

–0–


www.PunjabiLibrary.com

# ਅੱਖੀਆਂ ਜਾ ਲੜੀਆਂ

"ਹਾਏ ਵੇ ਮਲੋ ਜੋਰੀ
ਅੱਖੀਆਂ ਜਾ ਲੜੀਆਂ,
ਦਿਲ ਦੀ ਹੋ ਗਈ ਚੋਰੀ
ਅੱਖੀਆਂ ਜਾ ਲੜੀਆਂ।

ਮਾਹੀ ਸੁਪਨੇ ਦੇ ਵਿੱਚ ਆਵੇ
ਬੁੱਤ ਪਿਆ, ਰੂਹ ਕੱਢ ਲੈ ਜਾਵੇ,
ਦਿਲ ਦਾ ਚੈਨ ਗੁਆਇਆ ਗੋਰੀ
ਅੱਖੀਆਂ ਜਾ ਲੜੀਆਂ,
ਦਿਲ ਦੀ ਹੋ ਗਈ ਚੋਰੀ
ਅੱਖੀਆਂ ਜਾ ਲੜੀਆਂ।

ਦਿਨ ਨੂੰ ਚੈਨ ਨਾ ਰਾਤੀਂ ਨੀਂਦਾ
ਮਾਹੀ ਆਉਣਾ ਨਿੱਤ ਸੁਣੀਦਾ,
ਕਰ ਗਿਆ ਹੇਰਾ- ਫ਼ੇਰੀ
ਅੱਖੀਆਂ ਜਾ ਲੜੀਆਂ,
ਦਿਲ ਦੀ ਹੋ ਗਈ ਚੋਰੀ
ਅੱਖੀਆਂ ਜਾ ਲੜੀਆਂ।

ਦਿਲ ਨੂੰ ਰੋਗ ਅਵੱਲਾ ਲਾਇਆ
ਲੰਘਿਆ ਜੋਬਨ, ਉਹ ਨਹੀਂ ਆਇਆ
ਬਿਰਹਾ ਰਾਤ ਲੰਮੇਰੀ
ਅੱਖੀਆਂ ਜਾ ਲੜੀਆਂ,
ਦਿਲ ਦੀ ਹੋ ਗਈ ਚੋਰੀ
ਅੱਖੀਆਂ ਜਾ ਲੜੀਆਂ।

ਹਰ ਪਾਸੇ ਬੱਸ ਦਿੱਸਦਾ ਉਹੀ
ਜਿਸ ਕਰਕੇ ਅੱਖ ਭਰ- ਭਰ ਰੋਈ,
ਇੱਕ ਪਲ ਲਾਓ ਨਾ ਦੇਰੀ
ਅੱਖੀਆਂ ਜਾ ਲੜੀਆਂ,
ਦਿਲ ਦੀ ਹੋ ਗਈ ਚੋਰੀ
ਅੱਖੀਆਂ ਜਾ ਲੜੀਆਂ।"

-0-


www.PunjabiLibrary.com

# ਰੰਗ ਕਰਤਾਰ ਦੇ

"ਕੁਦਰਤ ਤੇਰੀ ਸਤਿਗੁਰ ਮੇਰੇ
ਸਾਨੂੰ ਸਮਝ ਨਾ ਆਵੇ,
ਦੌਲਤ ਵਾਲਾ ਤਾਹਣੇ ਦੇਂਦਾ
ਭੁੱਖਾ ਸ਼ੁਕਰ ਮਨਾਵੇ।

ਜਿਉਂਦਾ ਬੰਦਾ ਡੁੱਬਦਾ ਜਲ ਵਿੱਚ
ਮਰਿਆ ਤਰਦਾ ਜਾਵੇ,
ਭੁੱਖਿਆਂ ਨੂੰ ਇੱਥੇ ਜੁੜੇ ਨਾ ਰੋਟੀ
ਰਜੇ ਹੋਰ ਰਜਾਵੇ,
ਕੁਦਰਤ ਤੇਰੀ ਸਤਿਗੁਰ ਮੇਰੇ
ਸਾਨੂੰ ਸਮਝ ਨਾ ਆਵੇ,
ਦੌਲਤ ਵਾਲਾ ਤਾਹਣੇ ਦੇਂਦਾ
ਭੁੱਖਾ ਸ਼ੁਕਰ . . .

ਧੀਆਂ ਵਾਲੇ ਪੁੱਤਰ ਚਾਹੁੰਦੇ
ਕੋਈ, ਧੀਆਂ ਨੂੰ ਚਾਹਵੇ,
ਮਾਂ- ਬਾਪ ਨੂੰ ਘਰ ਤੋਂ ਕੱਢ ਕੇ
ਮੂਰਤ ਘਰੇ ਸਜਾਵੇ,
ਕੁਦਰਤ ਤੇਰੀ ਸਤਿਗੁਰ ਮੇਰੇ
ਸਾਨੂੰ ਸਮਝ ਨਾ ਆਵੇ,
ਦੌਲਤ ਵਾਲਾ ਤਾਹਣੇ ਦੇਂਦਾ
ਭੁੱਖਾ ਸ਼ੁਕਰ . . .

ਮਾਇਆ ਤੱਕ ਕੇ ਨੀਂਦਾਂ ਉੱਡੀਆਂ
ਭੁੱਖ ਵੀ ਰਾਤ ਜਗਾਵੇ,
ਜਾਨ ਤੋਂ ਪਿਆਰੀ ਗ਼ੈਰਤ ਹੁੰਦੀ
ਢਿੱਡ ਖ਼ਾਤਰ ਵਿੱਕ ਜਾਵੇ,


www.PunjabiLibrary.com

ਕੁਦਰਤ ਤੇਰੀ ਸਤਿਗੁਰ ਮੇਰੇ
ਸਾਨੂੰ ਸਮਝ ਨਾ ਆਵੇ,
ਦੌਲਤ ਵਾਲਾ ਤਾਹਣੇ ਦੇਂਦਾ
ਭੁੱਖਾ ਸ਼ੁਕਰ . . .

ਇੱਜ਼ਤ ਦੇ ਲਈ ਮਰਦੇ ਲੋਕੀਂ
ਇੱਜ਼ਤ ਚੰਨ ਚੜ੍ਹਾਵੇ,
ਢਿੱਡ ਦੀ ਖ਼ਾਤਰ ਇੱਜ਼ਤ ਮਿੱਤਰੋ
ਮਿੱਟੀ ਵਿੱਚ ਮਿਲ ਜਾਵੇ,
ਕੁਦਰਤ ਤੇਰੀ ਸਤਿਗੁਰ ਮੇਰੇ
ਸਾਨੂੰ ਸਮਝ ਨਾ ਆਵੇ,
ਦੌਲਤ ਵਾਲਾ ਤਾਹਣੇ ਦੇਂਦਾ
ਭੁੱਖਾ ਸ਼ੁਕਰ . . .।"

-0-


www.PunjabiLibrary.com

# ਸਰਦਾਰ

''ਪੱਗ ਅਸਾਨੂੰ ਜਾਨੋਂ ਪਿਆਰੀ
ਜੱਗ ਤੇ ਕਾਇਮ ਹੈ ਸਰਦਾਰੀ,
ਨਸ਼ੇ- ਪੱਤੇ ਨੂੰ ਹੱਥ ਨਾ ਲਾਉਂਦੇ
ਤਾਂ ਹੀ ਤੇ ਸਰਦਾਰ ਕਹਾਉਂਦੇ,
ਜੱਗ ਤੇ ਹਾਂ ਸਰਦਾਰ ਕਹਾਉਂਦੇ।

ਸਿਰ ਤੇ ਚੱਲੀ ਤਿੱਖੀ ਆਰੀ
ਇਸ ਲਈ ਸਾਨੂੰ ਜਾਨੋਂ ਪਿਆਰੀ,
ਤੱਤੀ ਤਵੀ ਤੇ ਬਹਿ ਕੇ ਦਾਤਾ
ਸਤਿਨਾਮੁ ਦਾ ਜਾਪ ਜਪਾਉਂਦੇ,
ਤਾਂ ਹੀ ਤੇ ਸਰਦਾਰ ਕਹਾਉਂਦੇ,
ਜੱਗ ਤੇ ਹਾਂ ਸਰਦਾਰ ਕਹਾਉਂਦੇ।

ਦੇਸ਼ ਦੀ ਰਾਖੀ ਕਰਦੇ ਮਰ ਕੇ
ਪਹਿਲਾ ਵਾਰ ਨਹੀਂ ਕਰਦੇ ਚੜ ਕੇ,
ਫ਼ੇਰ ਵੀ ਦੁਸ਼ਮਣ ਬਾਜ ਨਾ ਆਉਂਦਾ
ਸਿਰ ਧੜ ਦੀ ਫਿਰ ਬਾਜ਼ੀ ਲਾਉਂਦੇ,
ਤਾਂ ਹੀ ਤੇ ਸਰਦਾਰ ਕਹਾਉਂਦੇ,
ਜੱਗ ਤੇ ਹਾਂ ਸਰਦਾਰ ਕਹਾਉਂਦੇ।

ਦਸਮ ਪਿਤਾ ਹੱਥ ਰੱਖਿਆ ਸਿਰ ਤੇ
ਰਣ ਵਿੱਚ ਭੜਥੂ ਪਾਵਣ ਫਿਰ ਤੇ,
ਹੱਥ ਕਿਰਪਾਨਾਂ, ਖੰਡੇ ਸੋਭਣ
ਮੁੱਖ ਤੋਂ ਵਾਹਿਗੁਰੂ ਨਾਮ ਧਿਆਉਂਦੇ,
ਤਾਂ ਹੀ ਤੇ ਸਰਦਾਰ ਕਹਾਉਂਦੇ,
ਜੱਗ ਤੇ ਹਾਂ ਸਰਦਾਰ ਕਹਾਉਂਦੇ।

ਬੰਦਾ ਸਿੰਘ ਸ਼ਮਸ਼ੀਰ ਉੱਠਾ ਕੇ
ਸਰਹੰਦ ਉੱਤੇ ਸੀ ਚੜਿਆ ਤਾ ਕੇ,
ਵਜੀਦਾ, ਸੁੱਚਾ ਮਾਰ ਮੁਕਾ ਕੇ
ਨਿਸ਼ਾਨ ਕੇਸਰੀ ਸੀ ਲਹਿਰਾਉਂਦੇ,
ਤਾਂ ਹੀ ਤੇ ਸਰਦਾਰ ਕਹਾਉਂਦੇ,
ਜੱਗ ਤੇ ਹਾਂ ਸਰਦਾਰ ਕਹਾਉਂਦੇ।

ਭਗਤ ਸਿੰਘ ਜਿਹੇ ਸਿੰਘ ਸਰਦਾਰਾਂ
ਦਿੱਤੀਆਂ ਜਾਨਾਂ, ਕਈ ਹਜ਼ਾਰਾਂ,
ਊਧਮ ਸਿੰਘ, ਕਰਤਾਰ ਸਰਾਭੇ
ਚੁੰਮ ਕੇ ਰੱਸੇ ਗਲ੍ਹ ਵਿੱਚ ਪਾਉਂਦੇ
ਤਾਂ ਹੀ ਤੇ ਸਰਦਾਰ ਕਹਾਉਂਦੇ,
ਜੱਗ ਤੇ ਹਾਂ ਸਰਦਾਰ ਕਹਾਉਂਦੇ।”

-0-


www.PunjabiLibrary.com



ਡਾ. ਨਿਸ਼ਾਨ ਸਿੰਘ

ਰਾਂਝਣ ਮਾਹੀ ਕਾਵਿ ਸੰਗ੍ਰਹਿ ਵਿਚ ਡਾ. ਨਿਸ਼ਾਨ ਸਿੰਘ ਨੇ ਸਮਾਜਕ ਵਰਤਾਰੇ ਦੀ ਗੱਲ ਬਹੁਤ ਖ਼ੂਬਸੂਰਤ ਲਫ਼ਜ਼ਾਂ ਵਿਚ ਬਿਆਨ ਕੀਤੀ ਹੈ। ਉਹ ਜਿਥੇ ਸੰਸਾਰਕ ਪ੍ਰੇਮ ਦੀ ਗੱਲ ਕਰਦਾ ਹੈ ਉਥੇ ਅਧਿਆਤਮਵਾਦ ਦੀ ਗੱਲ ਵੀ ਆਪਣੀਆਂ ਕਵਿਤਾਵਾਂ ਵਿਚ ਕਰਦਾ ਹੈ। ਮਨੁੱਖ ਨੂੰ ਆਪਣੀ ਹੋਂਦ ਦਾ ਅਹਿਸਾਸ ਕਰਵਾਉਂਦਾ ਹੈ ਅਤੇ ਪਰਮਾਤਮਾ ਨਾਲ ਪਏ ਵਿਯੋਗ ਦੀ ਗੱਲ ਵੀ ਕਰਦਾ ਹੈ। ਉਸ ਦੀਆਂ ਕਵਿਤਾਵਾਂ ਵਿਚ ਸੂਫ਼ੀਵਾਦ ਦਾ ਪ੍ਰਭਾਵ ਸਹਿਜੇ ਹੀ ਦੇਖਿਆ ਜਾ ਸਕਦਾ ਹੈ। ਉਸਨੇ ਆਪਣੀਆਂ ਕਵਿਤਾਵਾਂ ਵਿਚ ਮਨੁੱਖ ਨੂੰ ਇਨਸਾਨੀਅਤ ਦਾ ਸੰਦੇਸ਼ ਦਿੱਤਾ ਹੈ।

ਡਾ. ਨਿਸ਼ਾਨ ਸਿੰਘ ਨੇ ਦੇਸ਼ ਦੀ ਰਾਖੀ ਕਰ ਰਹੇ ਸੈਨਿਕਾਂ ਦੀ ਗੱਲ ਅਤੇ ਉਹਨਾਂ ਦੇ ਜਜ਼ਬਾਤਾਂ ਦੀ ਗੱਲ ਵੀ ਖੁੱਲ ਕੇ ਕੀਤੀ ਹੈ। ਮੇਰੇ ਖਿਆਲ ਮੁਤਾਬਿਕ ਸ਼ਾਇਦ ਇਹ ਪਹਿਲੀ ਵਾਰ ਹੋਵੇਗਾ ਕਿ ਕਿਸੇ ਕਾਵਿ ਸੰਗ੍ਰਹਿ ਦੀ ਰਚਨਾ ਬਰਫ਼ੀਲੀਆਂ ਪਹਾੜੀਆਂ ਉਪਰ ਮਾਈਨਸ 30 ਡਿਗਰੀ ਤਾਪਮਾਨ ਵਿਚ ਕੀਤੀ ਗਈ ਹੋਵੇ। ਇਸ ਗੱਲੋਂ ਡਾ. ਨਿਸ਼ਾਨ ਸਿੰਘ ਦੀ ਤਾਰੀਫ ਬਣਦੀ ਹੈ ਕਿ ਉਹ ਭਾਰਤੀ ਫ਼ੌਜ ਵਿਚ ਸੇਵਾ ਕਰਦਿਆਂ ਵੀ ਸਾਹਿਤ ਪੜ੍ਹਣ ਵਿਚ ਰੁਚੀ ਰੱਖਦਾ ਹੈ ਅਤੇ ਕਵਿਤਾਵਾਂ ਲਿਖਦਾ, ਮਾਣਦਾ ਅਤੇ ਕਹਿੰਦਾ ਹੈ। ਮੈਂ 'ਰਾਂਝਣ ਮਾਹੀ' ਕਾਵਿ ਸੰਗ੍ਰਹਿ ਨੂੰ ਜੀ ਆਇਆ ਆਖਦਾ ਹਾਂ ਅਤੇ ਇਹ ਉਮੀਦ ਵੀ ਕਰਦਾ ਹਾਂ ਕਿ ਉਹ ਆਪਣੇ ਨੇਕ ਅਤੇ ਚੰਗੇ ਵਿਚਾਰਾਂ ਨਾਲ ਸਾਹਿਤ ਜਗਤ ਨੂੰ ਹਮੇਸ਼ਾ ਅਮੀਰ ਕਰਦਾ ਰਹੇਗਾ।

-ਗਿਆਨੀ ਅਮਰੀਕ ਸਿੰਘ
ਹੈੱਡ ਗ੍ਰੰਥੀ, ਗੁ: ਛੇਵੀਂ ਪਾਤਸ਼ਾਹੀ, ਕੁਰੂਕਸ਼ੇਤਰ।

5 ਆਬ
Parkashan, Jalandhar
*1-2 Desh Bhagat Yadgar Building*
*G.T. Road, Jalandhar, Punjab, India*
*Phone : 98140-87063*
*5aabparkashan@gmail.com*
*www.5aabparkashan.com*

www.PunjabiLibrary.com